Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 106 | Friday, May 28, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਪੜ੍ਹੋ

ਬੇਲਾਰੂਸ ਨੇ ਕੈਨੇਡਾ ਸਥਿਤ ਅੰਬੈਸੀ ਨੂੰ ਬੰਦ ਕਰਨ ਦੀ ਕੀਤਾ ਐਲਾਨ


ਪੰਨਾ 03

ਲਾਲ ਕਿਲ੍ਹਾ ਕੇਸ: ਦਿੱਲੀ ਪੁਲਸ ਮੁਤਾਬਕ ਕਿਲ੍ਹੇ ਉੱਪਰ ਕਬਜ਼ਾ ਕਰ ਕੇ ਪ੍ਰਦਰਸ਼ਨ ਅਖਾੜਾ ਬਣਾਉਣ ਦੀ ਸਾਜਿਸ਼ ਸੀ


ਪੰਨਾ 05

## ਸਕੂਲ ਮੁੜ ਖੋਲ੍ਹਣ ਲਈ ਰਾਇ ਜਾਨਣ ਵਾਸਤੇ ਡਾਕਟਰਜ਼, ਸਾਇੰਟਿਸਟਸ ਤੇ ਮਾਹਿਰਾਂ ਨੂੰ ਫੋਰਡ ਨੇ ਲਿਖਿਆ ਖੁੱਲ੍ਹਾ ਪੱਤਰ

ਓਨਟਾਰੀਓ, 27 ਮਈ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਵੱਲੋਂ ਐਜੁਕੇਟਰਜ਼, ਸਾਇੰਟਿਸਟਸ, ਡਾਕਟਰਜ਼ ਤੇ ਯੂਨੀਅਨਾਂ ਨੂੰ ਇੱਕ ਖੁੱਲ੍ਹਾ ਪੱਤਰ ਲਿਖ ਕੇ ਸੱਤ ਸਵਾਲ ਪੁੱਛੇ ਗਏ ਹਨ। ਮੁੱਖ ਤੌਰ ਉੱਤੇ ਫੋਰਡ ਵੱਲੋਂ ਇਹ ਪੁੱਛਿਆ ਗਿਆ ਹੈ ਕਿ ਸਕੂਲਾਂ ਨੂੰ ਇਨ ਪਰਸਨ ਲਰਨਿੰਗ ਲਈ ਕਦੋਂ ਸੇਫ ਢੰਗ ਨਾਲ ਖੋਲ੍ਹਿਆ ਜਾ ਸਕਦਾ ਹੈ।



ਇਸ ਪੱਤਰ ਵਿੱਚ ਫੋਰਡ ਨੇ ਆਖਿਆ ਕਿ ਉਨ੍ਹਾਂ ਤੋਂ ਜ਼ਿਆਦਾ ਸਕੂਲਾਂ ਨੂੰ ਸੇਫ ਢੰਗ ਨਾਲ ਖੋਲ੍ਹਣ ਲਈ ਕੋਈ ਹੋਰ ਫਿਕਰ ਨਹੀਂ ਕਰ ਸਕਦਾ। ਫੋਰਡ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਜਲਦ ਤੋਂ ਜਲਦ ਬੱਚਿਆਂ ਨੂੰ ਸਕੂਲ ਵਾਪਿਸ ਸੱਦਣਾ ਚਾਹੁੰਦੇ ਹਨ ਪਰ ਇਹ ਸਿਰਫ ਉਸ ਸਮੇਂ ਹੀ ਸੰਭਵ ਹੋ ਸਕਦਾ ਹੈ ਕਿ ਜਦੋਂ ਸਾਇੰਟਿਫਿਕ ਸਲਾਹ ਦੇ ਆਧਾਰ ਉੱਤੇ ਆਮ ਸਹਿਮਤੀ ਬਣੇ ਤੇ ਭਵਿੱਖ ਵਿੱਚ ਵਿਦਿਆਰਥੀਆਂ ਤੇ ਸਟਾਫ ਨੂੰ ਦਰਪੇਸ਼ ਖਤਰਿਆਂ ਬਾਰੇ ਵੀ ਵਿਚਾਰ ਵਟਾਂਦਰਾ ਪਹਿਲਾਂ ਹੀ ਕੀਤਾ ਗਿਆ ਹੋਵੇ।

ਪ੍ਰੀਮੀਅਰ ਨੇ ਇਹ ਵੀ ਲਿਖਿਆ ਕਿ ਪਿਛਲੇ ਕੁੱਝ ਹਫਤਿਆਂ ਤੋਂ ਓਨਟਾਰੀਓ ਵਿੱਚ ਸਕੂਲਾਂ ਨੂੰ ਮੁੜ ਖੋਲ੍ਹੇ ਜਾਣ ਦੇ ਸਬੰਧ ਵਿੱਚ ਕਾਫੀ ਚਰਚਾ ਚੱਲ ਰਹੀ ਹੈ ਤੇ ਕਈ ਤਰ੍ਹਾਂ ਦੀਆਂ ਕਨਸੋਆਂ ਵੀ ਹਨ। ਇਸ ਪੱਤਰ ਵਿੱਚ ਪ੍ਰੀਮੀਅਰ ਨੇ ਡਾਕਟਰਜ਼, ਸਾਇੰਟਿਸਟਸ ਤੇ ਐਜੁਕੇਟਰਜ਼ ਤੋਂ ਜਿਹੜੇ ਸਵਾਲ ਪੁੱਛੇ ਹਨ ਉਨ੍ਹਾਂ ਦੇ ਹਿਸਾਬ ਨਾਲ ਇਨ੍ਹਾਂ ਦਾ ਜਵਾਬ ਸ਼ੁੱਕਰਵਾਰ ਨੂੰ ਸ਼ਾਮੀਂ 5:00 ਵਜੇ ਮਿਲ ਜਾਵੇਗਾ ਤੇ ਉਨ੍ਹਾਂ ਉੱਤੇ ਵਿਚਾਰ ਕਰਨ ਤੋਂ ਬਾਅਦ ਹੀ ਉਨ੍ਹਾਂ ਦੀ ਸਰਕਾਰ ਇਸ ਸਬੰਧ ਵਿੱਚ ਕੋਈ ਫੈਸਲਾ ਕਰੇਗੀ।

## ਕੈਨੇਡਾ ਨਾਲ ਲੱਗਦੀ ਸਰਹੱਦ ਖੋਲ੍ਹਣ ਵਿਚ ਕਾਹਲੀ ਕਰਨ ਤੋਂ ਵਾਈਟ ਹਾਊਸ ਨੇ ਕੀਤਾ ਇਨਕਾਰ

ਵਾਸ਼ਿੰਗਟਨ, 27 ਮਈ (ਪੋਸਟ ਬਿਊਰੋ) : ਵੀਰਵਾਰ ਨੂੰ ਇਨ੍ਹਾਂ ਕਨਸੋਆਂ ਦਾ ਬਾਜ਼ਾਰ ਗਰਮ ਸੀ ਕਿ ਕੈਨੇਡਾ ਨਾਲ ਲੱਗਦੀ ਸਰਹੱਦ ਖੋਲ੍ਹਣ ਲਈ ਅਮਰੀਕਾ ਕਾਹਲਾ ਪਿਆ ਹੋਇਆ ਹੈ ਤੇ ਉਸ ਦਾ ਧੀਰਜ ਜਵਾਬ ਦੇ ਗਿਆ ਹੈ। ਪਰ ਅਮਰੀਕਾ ਵੱਲੋਂ ਅਜਿਹਾ ਕੋਈ ਫੈਸਲਾ ਨਹੀਂ ਕੀਤਾ ਗਿਆ ਕਿ ਕੈਨੇਡਾ ਨਾਲ ਲੱਗਦੀ ਸਰਹੱਦ ਕਦੋਂ ਜਾਂ ਕਿਵੇਂ ਖੋਲ੍ਹੀ ਜਾਣੀ ਹੈ।

ਪ੍ਰੈੱਸ ਸਕੱਤਰ ਜੈੱਨ ਸਾਕੀ ਨੇ ਆਖਿਆ ਕਿ ਉਨ੍ਹਾਂ ਨੂੰ ਪਿਛਲੇ ਹਫਤੇ ਲਏ ਗਏ ਇਸ ਫੈਸਲੇ ਦਾ ਹੀ ਪਤਾ ਹੈ ਕਿ ਸਰਹੱਦੀ ਪਾਬੰਦੀਆਂ 21 ਜੂਨ ਤੱਕ ਵਧਾ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਇਸ ਸਬੰਧ ਵਿੱਚ ਉਨ੍ਹਾਂ ਨੂੰ ਹੋਰ ਕੋਈ ਜਾਣਕਾਰੀ ਨਹੀਂ ਹੈ। ਜ਼ਿਕਰਯੋਗ ਹੈ ਕਿ ਬੁੱਧਵਾਰ ਨੂੰ ਮੀਡੀਆ ਵਿੱਚ ਇਹ ਰਿਪੋਰਟ ਛਪੀ ਸੀ ਕਿ ਪੁਆਇੰਟ ਰੌਬਰਟਸ, ਵਾਸ਼ਿੰਗਟਨ ਦੀ ਅਜਿਹੀ ਸਰਹੱਦੀ ਕਮਿਊਨਿਟੀ ਹੈ ਜਿਸ ਨੂੰ ਇਨ੍ਹਾਂ ਪਾਬੰਦੀਆਂ ਕਾਰਨ ਕਾਫੀ ਨੁਕਸਾਨ ਝੱਲਣਾ ਪੈ ਰਿਹਾ ਹੈ। ਇਸ ਦੌਰਾਨ ਅਮਰੀਕੀ ਕਸਟਮਜ਼ ਤੇ ਬਾਰਡਰ ਪ੍ਰੋਟੈਕਸ਼ਨ ਦੇ ਬੇਨਾਮ ਸਰੋਤਾਂ ਦੇ ਹਵਾਲੇ ਨਾਲ ਇਹ ਵੀ ਆਖਿਆ ਗਿਆ ਕਿ ਇਹ ਪਾਬੰਦੀਆਂ 22 ਜੂਨ ਨੂੰ ਮੁੱਕ ਜਾਣਗੀਆਂ।



ਸਾਕੀ ਨੇ ਆਖਿਆ ਕਿ ਇਸ ਤੋਂ ਬਾਅਦ ਕੀ ਹੋਵੇਗਾ ਇਸ ਫੈਸਲੇ ਤੋਂ ਉਹ ਜਾਣੂ ਨਹੀਂ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਆਫਿਸ ਦੇ ਅਧਿਕਾਰੀਆਂ ਵੱਲੋਂ ਨਾ ਹੀ ਇਸ ਰਿਪੋਰਟ ਦੀ ਪੁਸ਼ਟੀ ਕੀਤੀ ਗਈ ਹੈ ਤੇ ਨਾ ਹੀ ਇਸ ਤੋਂ ਇਨਕਾਰ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਕੈਨੇਡਾ ਵੱਲੋਂ ਇਹ ਸਪਸ਼ਟ ਕੀਤਾ ਜਾ ਚੁੱਕਿਆ ਹੈ ਕਿ ਜਦੋਂ ਤੱਕ 75 ਫੀ ਸਦੀ ਕੈਨੇਡੀਅਨ ਵੈਕਸੀਨੇਟ ਨਹੀਂ ਹੋ ਜਾਂਦੇ ਉਦੋਂ ਤੱਕ ਇਹ ਪਾਬੰਦੀਆਂ ਨਹੀਂ ਹਟਾਈਆਂ ਜਾਣਗੀਆਂ।

ਵੀਰਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਅਮਰੀਕੀ ਪ੍ਰਸ਼ਾਸਨ ਨਾਲ ਇਸ ਸਬੰਧ ਵਿੱਚ ਲਗਾਤਾਰ ਗੱਲਬਾਤ ਚੱਲ ਰਹੀ ਹੈ ਕਿਉਂਕਿ ਸਾਰੇ ਹੀ ਦੋਵੇਂ ਪਾਸੇ ਸੱਭ ਕੁੱਝ ਜਲਦ ਤੋਂ ਜਲਦ ਆਮ ਵਰਗਾ ਹੋਣ ਦੀ ਉਡੀਕ ਕਰ ਰਹੇ ਹਨ।

Best Insurance Rates
Life · Auto · Home · Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axxel Insurance Brokers Ltd.
1550 South Gateway Rd. Suite 220 Mississauga, ON L4W 5G6

## ਮਹਾਂਮਾਰੀ ਲਈ ਮਾੜੇ ਪ੍ਰਬੰਧ ਕਰਨ ਲਈ ਪਬਲਿਕ ਹੈਲਥ ਏਜੰਸੀ ਦੀ ਨਿਖੇਧੀ

ਓਟਵਾ, 27 ਮਈ (ਪੋਸਟ ਬਿਊਰੋ) : ਪੀਪੀਈ ਤੇ ਮੈਡੀਕਲ ਡਿਵਾਇਸਿਜ਼ ਦੇ ਕਈ ਸਾਲਾਂ ਤੋਂ ਕੀਤੇ ਜਾ ਰਹੇ ਮਾੜੇ ਪ੍ਰਬੰਧਾਂ ਕਾਰਨ ਕੈਨੇਡਾ ਦੇ ਆਡੀਟਰ ਜਨਰਲ ਵੱਲੋਂ ਫੈਡਰਲ ਪਬਲਿਕ ਹੈਲਥ ਏਜੰਸੀ ਦੀ ਨੁਕਤਾਚੀਨੀ ਕੀਤੀ ਜਾ ਰਹੀ ਹੈ।

ਇੱਕ ਨਵੀਂ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਕਿ ਇਹ ਮੁੱਦੇ ਸੱਭ ਤੋਂ ਪਹਿਲਾਂ 2010 ਦੇ ਅੰਤਰਿਮ ਆਡਿਟ ਦੌਰਾਨ ਸਾਹਮਣੇ ਆਏ, ਫਿਰ 2013 ਵਿੱਚ ਇੱਕ ਵਾਰੀ ਮੁੜ ਇਸ ਦਾ ਖੁਲਾਸਾ ਹੋਇਆ। ਆਡੀਟਰ ਜਨਰਲ ਕੈਰਨ ਹੋਗਨ ਦਾ ਕਹਿਣਾ ਹੈ ਕਿ ਏਜੰਸੀ ਕੋਲ ਅਜਿਹੀ ਕੋਈ ਪ੍ਰਕਿਰਿਆ ਨਹੀਂ ਹੈ ਜਿਸ ਤੋਂ ਇਹ ਪਤਾ ਲਾਇਆ ਜਾ ਸਕੇ ਕਿ ਸਿਹਤ ਸੰਕਟ, ਜਿਵੇਂ ਕਿ ਕੋਵਿਡ-19 ਮਹਾਂਮਾਰੀ, ਖੜ੍ਹਾ ਹੋਣ ਉੱਤੇ ਕਿੰਨਾ ਮੈਡੀਕਲ ਇਕਿਊਪਮੈਂਟ ਪਿਆ ਹੈ।



ਹੋਗਨ ਨੇ ਆਖਿਆ ਕਿ ਨਾ ਹੀ ਇਸ ਮੁੱਦੇ ਵੱਲ ਗੌਰ ਕੀਤਾ ਗਿਆ ਕਿ ਆਈਟੀ ਸਿਸਟਮ ਨੂੰ ਬਿਹਤਰ ਢੰਗ ਨਾਲ ਕਿਸ ਤਰ੍ਹਾਂ ਮੈਨੇਜ ਕੀਤਾ ਜਾਵੇ। ਲੋੜ ਪੈਣ ਉੱਤੇ ਅਜਿਹੀਆਂ ਚੀਜ਼ਾਂ ਦੀ ਐਕਸਪਾਇਰੀ ਡੇਟ ਦਾ ਟਰੈਕ ਨਹੀਂ ਰੱਖਿਆ ਜਾ ਸਕਦਾ ਤੇ ਇਸ ਤਰ੍ਹਾਂ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ। ਪਰ ਨਿਊਜ਼ ਕਾਨਫਰੰਸ ਦੌਰਾਨ ਹੋਗਨ ਨੇ ਓਟਵਾ ਤੇ ਹੈਲਥ ਏਜੰਸੀਜ਼ ਦੀ ਸ਼ਲਾਘਾ ਕੀਤੀ।

## 14 ਜੂਨ ਤੱਕ ਕੈਨੇਡਾ ਨੂੰ 2 ਮਿਲੀਅਨ ਡੋਜ਼ਾਂ ਭੇਜੇਗੀ ਮੌਡਰਨਾ



ਓਟਵਾ, 27 ਮਈ (ਪੋਸਟ ਬਿਊਰੋ) : ਅਗਲੇ ਹਫਤੇ ਮੌਡਰਨਾ 500,000 ਕੋਵਿਡ-19 ਵੈਕਸੀਨ ਕੈਨੇਡਾ ਭੇਜੇਗੀ ਤੇ 14 ਜੂਨ ਵਾਲੇ ਹਫਤੇ ਵਿੱਚ ਹੋਰ 1.5 ਮਿਲੀਅਨ ਡੋਜ਼ਾਂ ਭੇਜੇਗੀ।

ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਵੱਲੋਂ ਇਸ ਖੇਪ ਦੀ ਪੁਸ਼ਟੀ ਕੀਤੀ ਗਈ। ਉਨ੍ਹਾਂ ਆਖਿਆ ਕਿ ਮੌਡਰਨਾ ਅਗਲੇ ਮਹੀਨੇ ਤੱਕ ਕਈ ਮਿਲੀਅਨ ਹੋਰ ਡੋਜ਼ਾਂ ਭੇਜਣ ਦਾ ਵਾਅਦਾ ਕਰ ਰਹੀ ਹੈ ਪਰ ਕੰਪਨੀ ਵੱਲੋ ਇਹ ਸਪਸ਼ਟ ਨਹੀਂ ਕੀਤਾ ਗਿਆ ਹੈ ਕਿ ਇਹ ਕਦੋਂ ਤੇ ਕਿੰਨੀਆਂ ਡੋਜ਼ਾਂ ਹੋਣਗੀਆਂ। ਆਨੰਦ ਨੇ ਆਖਿਆ ਕਿ ਮੌਡਰਨਾ ਵੱਲੋਂ ਭੇਜੀ ਜਾਣ ਵਾਲੀ ਇਹ ਖੇਪ ਅਗਲੇ ਹਫਤੇ ਦੇ ਪਹਿਲੇ ਹਿੱਸੇ ਵਿੱਚ ਆਉਣ ਦੀ ਸੰਭਾਵਨਾ ਹੈ।

ਮੈਸਾਚਿਊਸੈਟਸ ਸਥਿਤ ਕੰਪਨੀ ਨੂੰ ਉਤਪਾਦਨ ਦੇ ਮਾਮਲੇ ਵਿੱਚ ਥੋੜ੍ਹਾ ਸੰਘਰਸ਼ ਕਰਨਾ ਪੈ ਰਿਹਾ ਹੈ ਤੇ ਇਸ ਹਫਤੇ ਡਲਿਵਰੀ ਕਾਫੀ ਪਛੜ ਗਈ। ਸ਼ੁਰੂ ਵਿੱਚ ਮੌਡਰਨਾ ਨੇ ਅਪਰੈਲ ਤੇ ਜੂਨ ਦਰਮਿਆਨ 12.3 ਮਿਲੀਅਨ ਡੋਜ਼ਾਂ ਭੇਜਣੀਆਂ ਸਨ ਪਰ ਕੰਪਨੀ ਇਨ੍ਹਾਂ ਡੋਜ਼ਾਂ ਦਾ ਸਿਰਫ ਇੱਕ ਤਿਹਾਈ ਹਿੱਸਾ ਹੀ ਭੇਜ ਸਕੀ। ਜੂਨ ਦੇ ਅੰਤ ਤੱਕ ਮੌਡਰਨਾ ਵੱਲੋਂ ਕੈਨੇਡਾ ਨੂੰ ਘੱਟੋ ਘੱਟ 6.7 ਮਿਲੀਅਨ ਡੋਜ਼ਾਂ ਦੇਣੀਆਂ ਹਨ। ...ਬਾਕੀ ਪੰਨਾ 4 'ਤੇ

## ਫੈਡਰਲ ਐਡਵਾਈਜ਼ਰੀ ਪੈਨਲ ਨੇ ਕੈਨੇਡਾ 'ਚ ਹੋਟਲ ਕੁਆਰਨਟੀਨ ਖ਼ਤਮ ਕਰਨ ਦੀ ਕੀਤੀ ਸਿਫਾਰਿਸ਼



ਓਟਵਾ, 27 ਮਈ (ਪੋਸਟ ਬਿਊਰੋ) : ਸਰਕਾਰ ਨੂੰ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਕੌਮਾਂਤਰੀ ਟਰੈਵਲਰਜ਼ ਨੂੰ ਲਾਜ਼ਮੀ ਤੌਰ ਉੱਤੇ ਹੋਟਲ ਵਿੱਚ ਕੁਆਰਨਟੀਨ ਕਰਨ ਦੀ ਸਲਾਹ ਦੇਣ ਵਾਲੇ ਫੈਡਰਲ ਐਡਵਾਈਜ਼ਰੀ ਪੈਨਲ ਵੱਲੋਂ ਹੁਣ ਕੈਨੇਡਾ ਵਿੱਚ ਹੋਟਲ ਕੁਆਰਨਟੀਨ ਖਤਮ ਕਰਨ ਦੀ ਸਿਫਾਰਿਸ਼ ਕੀਤੀ ਜਾ ਰਹੀ ਹੈ।

ਪੈਨਲ ਦਾ ਕਹਿਣਾ ਹੈ ਕਿ ਇਸ ਦੀ ਥਾਂ ਉੱਤੇ ਹੁਣ ਟਰੈਵਲਰਜ਼ ਨੂੰ ਢੁਕਵੀਂ ਕੁਆਰਨਟੀਨ ਯੋਜਨਾ ਪੇਸ਼ ਕਰਨ ਲਈ ਆਖਿਆ ਜਾ ਰਿਹਾ ਹੈ। ਪੈਨਲ ਵੱਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਅਜਿਹੀ ਯੋਜਨਾ ਦੇ ਅਸਫਲ ਰਹਿਣ ਉੱਤੇ ਉਨ੍ਹਾਂ ਨੂੰ ਸਰਕਾਰ ਵੱਲੋਂ ਦੱਸੀ ਗਈ ਫੈਸਿਲਿਟੀ ਉੱਤੇ ਰਹਿਣਾ ਹੋਵੇਗਾ। ਪੈਨਲ ਨੇ ਆਖਿਆ ਕਿ ਮੌਜੂਦਾ ਮਾਡਲ ਵਿੱਚ ਇਹ ਦਿੱਕਤ ਹੈ ਕਿ ਕੁੱਝ ਟਰੈਵਲਰਜ਼ ਵੱਲੋਂ ਬਦਲਵਾਂ ਕੁਆਰਨਟੀਨ ਪਲੈਨ ਦੇਣ ਦੀ ਥਾਂ 3000 ਡਾਲਰ ਤੱਕ ਦਾ ਜੁਰਮਾਨਾ ਦੇਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਹੀ ਹੋਟਲ ਕੁਆਰਨਟੀਨ ਪ੍ਰੋਗਰਾਮ ਨੂੰ ਮੈਨੇਜ ਕਰਨ ਦਾ ਪ੍ਰਸ਼ਾਸਕੀ ਬੋਝ ਬਹੁਤ ਜ਼ਿਆਦਾ ਹੈ।

...ਬਾਕੀ ਪੰਨਾ 6 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

## ਬਜ਼ੁਰਗਾਂ ਲਈ ਦੂਜੀ ਡੋਜ਼ ਦੇ ਵਕਫੇ ਨੂੰ ਘਟਾਉਣ ਦੀ ਤਿਆਰੀ ਕਰ ਰਿਹਾ ਹੈ ਓਨਟਾਰੀਓ

ਓਨਟਾਰੀਓ, 27 ਮਈ (ਪੋਸਟ ਬਿਊਰੋ) : ਓਨਟਾਰੀਓ ਵੱਲੋਂ 80 ਸਾਲ ਤੇ ਇਸ ਤੋਂ ਵੱਧ ਉਮਰ ਵਰਗ ਦੇ ਲੋਕਾਂ ਲਈ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼ ਦਾ ਵਕਫਾ ਘਟਾਉਣ ਦੀ ਯੋਜਨਾ ਉਲੀਕੀ ਜਾ ਰਹੀ ਹੈ।

ਯੌਰਕ ਰੀਜਨ ਦੇ ਮੈਡੀਕਲ ਆਫੀਸਰ ਆਫ ਹੈਲਥ ਵੱਲੋਂ ਵੀਰਵਾਰ ਸਵੇਰੇ ਕਾਊਂਸਲ ਦੀ ਕੀਤੀ ਗਈ ਮੀਟਿੰਗ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਰੀਜਨ ਨੂੰ ਇਸ ਤਬਦੀਲੀ ਸਬੰਧੀ ਨੋਟਿਸ ਦੇ ਦਿੱਤਾ ਗਿਆ ਹੈ। ਇਸ ਦੌਰਾਨ ਇਹ ਵੀ ਆਖਿਆ ਗਿਆ ਹੈ ਕਿ ਪ੍ਰੋਵਿੰਸ ਇਸ ਸਬੰਧ ਵਿੱਚ ਅਗਲੇ ਹਫਤੇ ਤਬਦੀਲੀ ਕਰ ਸਕਦੀ ਹੈ। ਡਾ. ਕਰਮ ਕੁਰਜ਼ੀ ਦਾ ਕਹਿਣਾ ਹੈ ਕਿ ਵੈਕਸੀਨ ਦੀਆਂ ਦੋ ਡੋਜ਼ਾਂ ਵਿੱਚ ਘਟਾਇਆ ਗਿਆ ਇਹ ਵਕਫਾ ਹਾਲ ਦੀ ਘੜੀ 80 ਸਾਲ ਤੇ ਇਸ ਉਮਰ ਵਰਗ



ਨਾਲੋਂ ਵੱਧ ਉਮਰ ਦੇ ਲੋਕਾਂ ਲਈ ਹੋਵੇਗਾ। ਫਿਰ ਹੌਲੀ ਹੌਲੀ ਇਸ ਵਕਫੇ ਨੂੰ 70 ਪਲੱਸ ਲਈ ਘਟਾਇਆ ਜਾਵੇਗਾ ਤੇ ਫਿਰ ਇਸ ਤਰ੍ਹਾਂ ਹੌਲੀ ਹੌਲੀ ਹੋਰ ਉਮਰ ਵਰਗ ਲਈ ਵੀ ਇਸ ਨੂੰ ਘਟਾਇਆ ਜਾਵੇਗਾ।

ਹੁਣ ਜਦੋਂ ਵੈਕਸੀਨ ਦੀ ਸਪਲਾਈ ਵਿੱਚ ਤੇਜ਼ੀ ਆ ਗਈ ਹੈ ਤਾਂ ਪ੍ਰੋਵਿੰਸ ਵੱਲੋਂ ਦੂਜੀ ਡੋਜ਼ ਦਾ ਕੰਮ ਜਲਦ ਤੋਂ ਜਲਦ ਨਿਬੇੜਨ ਲਈ ਜ਼ੋਰ ਦਿੱਤਾ ਜਾ ਰਿਹਾ ਹੈ। ਵੀਰਵਾਰ ਨੂੰ ਓਨਟਾਰੀਓ ਦੀ ਵੈਕਸੀਨ ਟਾਸਕ ਫੋਰਸ ਨੇ ਮੁਲਾਕਾਤ ਕੀਤੀ ਤੇ ਲੋਕਾਂ ਨੂੰ ਜਲਦ ਤੋਂ ਜਲਦ ਦੂਜੀ ਡੋਜ਼ ਲਾਉਣ ਦੀ ਯੋਜਨਾ ਉੱਤੇ ਵਿਚਾਰ ਵਟਾਂਦਰਾ ਕੀਤਾ। ਇਸ ਟਾਸਕ ਫੋਰਸ ਦੇ ਮੈਂਬਰ ਡਾ. ਇਸਾਕ ਬੌਗੋਕ ਨੇ ਆਖਿਆ ਕਿ ਇਸ ਹਫਤੇ ਕਿਸੇ ਵੀ ਸਮੇਂ ਸੈਕਿੰਡ ਡੋਜ਼ ਬਾਰੇ ਐਲਾਨ ਹੋ ਜਾਣਾ ਚਾਹੀਦਾ ਹੈ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
www.ufsinsurance.com
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99%
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration · Real Estate · Family Law · Business Closing · Corporate · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E. #15, Mississauga, ON L5T 0B3
Shinder Kelley
905-362-0755


Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL
416 938 4598

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance · Walkie pallet · Electric Motor · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Other Realtors only Promise
But JAG AUJLA SOLD YOUR HOME WITH
GUARANTEE
Advertisement GUARANTEED Till SOLD
Top 1% Broker
Call For a Quick & Free Home Evaluation
www.BramptonQuickHomeEvaluation.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com
ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ
CALEDON
BRAND NEW HOUSE FOR SALE ON ASSIGNMENT (IN CALEDON)
ਕੈਨੇਡੀ / ਦੂੱਗਲ
ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵੱਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।
BRAMPTON
$749,905
William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।
BRAMPTON
$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777
BRAMPTON
$1,299,905
ਲਗਭਗ 2900 ਸਕੇਅਰ ਫੁੱਟ ਦਾ ਡਿਟੈਚਡ ਘਰ। 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡ-ਰੂਮਜ਼ ਦੀ ਸੈਪਰੇਟ ਐਂਟਰੈਂਸ ਵਾਲੀ ਫਿਨਿਸ਼ਡ ਬੇਸਮੈਂਟ, 1 ਓਕ ਸਟੇਅਰ ਕੇਸ, ਹਾਰਡਵੁੱਡ ਅਤੇ ਸੀਰੀਮਿਕ ਫਲੋਰ, ਪੌਟ ਲਾਈਟ, 1 ਮਾਸਟਰ ਬੈਡਰੂਮ ਵਿਚ 5 ਪੀ.ਸੀ. ਇਨਸੂਟ ਅਤੇ ਵਾਕਇਨ ਕਲਾਸਿਟ, ਅਪਗ੍ਰੇਡਡ ਕਿਚਨ, ਘਰ ਮੂਹਰੇ ਕੋਈ ਸਾਈਡ ਵਾਕ ਨਹੀਂ, ਸਕੂਲ, ਪਾਲਜ਼ਾ ਤੋਂ ਮਿੰਟਾਂ ਦੀ ਦੂਰੀ ਉਤੇ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।
BRAMPTON
CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।
ਸੰਪਰਕ: 416-371-7777
Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777


Chapel Ridge
FUNERAL HOME & CREMATION CENTRE
ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
• ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
• ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
• ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ
2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ
[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]
ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: ਹਰਜਿੰਦਰ ਸਿੰਘ ਬਿਲਖੂ
647-966-0093
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com


NATION-WIDE TALK, TEXT & DATA PLAN
10GB
$50/mo.
chatr AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill (MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca


# ਬੇਲਾਰੂਸ ਨੇ ਕੈਨੇਡਾ ਸਥਿਤ ਅੰਬੈਸੀ ਨੂੰ ਬੰਦ ਕਰਨ ਦੀ ਕੀਤਾ ਐਲਾਨ

ਓਟਵਾ, 27 ਮਈ (ਪੋਸਟ ਬਿਊਰੋ) : ਇੱਕ ਵਿਰੋਧੀ ਸੁਰ ਵਾਲੇ ਪੱਤਰਕਾਰ ਨੂੰ ਗ੍ਰਿਫਤਾਰ ਕਰਨ ਲਈ ਪੈਸੈਂਜਰ ਜੈੱਟ ਨੂੰ ਧੱਕੇ ਨਾਲ ਕਿਤੇ ਹੋਰ ਉਤਾਰਨ ਦੇ ਮਾਮਲੇ ਦੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਨਿਖੇਧੀ ਕੀਤੇ ਜਾਣ ਉੱਤੇ ਤੈਸ਼ ਵਿੱਚ ਆਈ ਰਿਪ-ਬਲਿਕ ਆਫ ਬੇਲਾਰੂਸ ਦੀ ਸਰਕਾਰ ਨੇ ਕੈਨੇਡਾ ਵਿਚਲੀ ਅੰਬੈਸੀ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ।

ਬੇਲਾਰੂਸ ਦੀ ਅੰਬੈਸੀ ਵੱਲੋਂ ਪਹਿਲੀ ਸਤੰਬਰ, 2021 ਤੋਂ ਆਪਣੀਆਂ ਗਤੀਵਿਧੀਆਂ ਮੁਲਤਵੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਹਾਲਾਂਕਿ ਕਾਊਂਸਲਰ ਸਰਵਿਸਿਜ਼ ਜਿਵੇਂ ਕਿ ਵੀਜ਼ਾ ਅਰਜ਼ੀਆਂ ਤੇ ਹੋਰ ਦਸਤਾਵੇਜ਼ਾਂ ਦੀ ਪ੍ਰਕਿਰਿਆ ਉੱਤੇ 10 ਜੁਲਾਈ ਤੱਕ ਰੋਕ ਲਾਈ ਜਾਵੇਗੀ। ਇਹ ਐਲਾਨ ਮੰਗਲਵਾਰ ਨੂੰ ਅਧਿਕਾਰੀਆਂ ਨੇ ਕੀਤਾ। ਮੰਗਲਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਟਰੂਡੋ ਨੇ ਬੇਲਾਰੂਸ ਦੀ ਇਸ ਹਰਕਤ ਨੂੰ ਅਪਮਾਨਜਨਕ, ਗੈਰਕਾਨੂੰਨੀ ਤੇ ਅਸਵੀਕਾਰਨਯੋਗ ਕਰਾਰ ਦਿੱਤਾ। ਟਰੂਡੋ ਨੇ ਆਖਿਆ ਕਿ ਕੈਨੇਡੀਅਨ ਸਰਕਾਰ ਵੱਲੋ ਬੇਲਾਰੂਸ ਦੇ ਪੱਤਰਕਾਰ ਰੋਮਨ ਪ੍ਰੋਤਾ-ਸੇਵਿਚ ਨੂੰ ਫੌਰੀ ਰਿਹਾਅ ਕਰਨ ਦੀ ਮੰਗ ਕੀਤੀ ਜਾਂਦੀ ਹੈ।




ਉਨ੍ਹਾਂ ਆਖਿਆ ਕਿ ਇਹ ਜਮਹੂਰੀਅਤ ਉੱਤੇ ਹੀ ਹਮਲਾ ਨਹੀਂ ਹੈ ਸਗੋਂ ਪ੍ਰੈੱਸ ਦੀ ਆਜ਼ਾਦੀ ਉੱਤੇ ਵੀ ਹਮਲਾ ਹੈ। ਜ਼ਿਕਰਯੋਗ ਹੈ ਕਿ ਰਾਇਨੇਅਰ ਦੀ ਜਿਸ ਫਲਾਈਟ ਉੱਤੇ ਪ੍ਰੋਤਾਸੇਵਿਚ ਸੀ ਉਸ ਫਲਾਈਟ ਨੂੰ ਬੰਬ ਹੋਣ ਦੀ ਧਮਕੀ ਦੱਸ ਕੇ ਉਤਾਰ ਲਿਆ ਗਿਆ। ਇਹ ਜਹਾਜ਼ ਗ੍ਰੀਸ ਤੋਂ ਲਿਥੂਆਨੀਆ ਜਾ ਰਿਹਾ ਸੀ ਤੇ ਜਦੋਂ ਇਹ ਬੇਲਾਰੂਸ ਦੀ ਏਅਰਸਪੇਸ ਵਿੱਚ ਸੀ ਤਾਂ ਬੇਲਾਰੂਸ ਦੇ ਫਾਈਟਰ ਜਹਾਜ਼ਾਂ ਵੱਲੋਂ ਇਸ ਦੀ ਘੇਰਾਬੰਦੀ ਕਰਕੇ ਇਸ ਨੂੰ ਹੇਠਾਂ ਉਤਾਰ ਲਿਆ ਗਿਆ ਤੇ 26 ਸਾਲਾ ਸਮਾਜ ਸੇਵਕ, ਪੱਕਰਕਾਰ ਤੇ ਰਾਸ਼ਟਰਪਤੀ ਅਲੈਗਜ਼ੈਂਡਰ ਲੁਕਾਸ਼ੈਂਕੋ ਦੇ ਆਲੋਚਕ ਪ੍ਰੋਤਾਸੇਵਿਚ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਟਰੂਡੋ ਵੱਲੋਂ ਇਸ ਤਰ੍ਹਾਂ ਦੀ ਕਾਰਵਾਈ ਦੀ ਨਿਖੇਧੀ ਕੀਤੀ ਗਈ। ਉਨ੍ਹਾਂ ਆਖਿਆ ਕਿ ਪਹਿਲਾਂ ਹੀ ਕੈਨੇਡਾ ਵੱਲੋਂ ਬੇਲਾਰੂਸ ਉੱਤੇ ਪਾਬੰਦੀਆਂ ਲਗਾਈਆਂ ਹੋਈਆਂ ਹਨ ਤੇ ਸਰਕਾਰ ਅੱਗੇ ਹੋਰ ਬਦਲ ਉੱਤੇ ਵਿਚਾਰ ਕਰੇਗੀ।


UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936


# ਟੋਰਾਂਟੋ ਦੇ 65 ਫੀ ਸਦੀ ਬਾਲਗਾਂ ਨੂੰ ਲੱਗ ਚੁੱਕੀ ਹੈ ਕੋਵਿਡ-19 ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼

ਟੋਰਾਂਟੋ, 27 ਮਈ (ਪੋਸਟ ਬਿਊਰੋ) : ਟੋਰਾਂਟੋ ਦੇ ਲੱਗਭਗ 65 ਫੀ ਸਦੀ ਬਾਲਗਾਂ ਨੂੰ ਹੁਣ ਤੱਕ ਕੋਵਿਡ-19 ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਹਾਸਲ ਹੋ ਚੁੱਕੀ ਹੈ।

ਮੰਗਲਵਾਰ ਸਵੇਰੇ ਸਿਟੀ ਵੱਲੋਂ ਇਸ ਖਬਰ ਦਾ ਐਲਾਨ ਕੀਤਾ ਗਿਆ। ਹਾਲੀਡੇਅ ਵੀਕੈਂਡ ਤੋਂ ਬਾਅਦ ਮੰਗਲਵਾਰ ਸਵੇਰੇ ਸਿਟੀ ਹਾਲ ਵਿੱਚ ਚਲਾਏ ਗਏ ਪੌਪ ਅੱਪ ਕਲੀਨਿਕ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਥਾਨਕ ਵਾਸੀਆਂ ਨੂੰ ਵੈਕਸੀਨੇਟ ਕੀਤਾ ਗਿਆ।



ਵੈਕਸੀਨੇਸ਼ਨ ਕਰਵਾਉਣ ਵਾਲਿਆਂ ਵਿੱਚ 12 ਸਾਲ ਤੱਕ ਦੇ ਬੱਚੇ ਵੀ ਸ਼ਾਮਲ ਸਨ।

ਮੈਡੀਕਲ ਆਫੀਸਰ ਆਫ ਹੈਲਥ ਡਾ· ਐਲੀਨ ਡੀ ਵਿੱਲਾ ਨੇ ਇੱਕ ਪ੍ਰੈੱਸ ਰਲੀਜ਼ ਵਿੱਚ ਆਖਿਆ ਕਿ ਇਹ ਇੱਕ ਵੱਡੀ ਪ੍ਰਾਪਤੀ ਹੈ ਕਿ ਟੋਰਾਂਟੋ ਵਿੱਚ 18 ਸਾਲ ਤੋਂ ਉੱਪਰ ਉਮਰ ਦੇ 65 ਫੀ ਸਦੀ ਬਾਲਗਾਂ ਨੂੰ ਵੈਕਸੀਨ ਦੀ ਪਹਿਲੀ ਡੋਜ਼ ਲਾਈ ਜਾ ਚੁੱਕੀ ਹੈ। ਇਸ ਤੋਂ ਮਤਲਬ ਹੈ ਕਿ ਸਿਟੀ ਦੇ ਹਰੇਕ ਤਿੰਨ ਬਾਲਗਾਂ ਵਿੱਚੋਂ ਦੋ ਨੂੰ ਵੈਕਸੀਨ ਲੱਗ ਚੁੱਕੀ ਹੈ। ਉਨ੍ਹਾਂ ਆਖਿਆ ਕਿ ਇਹ ਲਾਮਿਸਾਲ ਕੰਮ ਸਿਰਫ ਟੀਮ ਟੋਰਾਂਟੋ ਦੀਆਂ ਕੋਸ਼ਿਸ਼ਾਂ ਦਾ ਹੀ ਨਤੀਜਾ ਨਹੀਂ ਹੈ ਸਗੋਂ ਟੋਰਾਂਟੋ ਦੇ ਲੋਕਾਂ ਦੀ ਵਚਨਬੱਧਤਾ ਕਾਰਨ ਵੀ ਇਹ ਟੀਚਾ ਹਾਸਲ ਕੀਤਾ ਜਾ ਸਕਿਆ ਹੈ।

ਉਨ੍ਹਾਂ ਆਖਿਆ ਕਿ ਵੈਕਸੀਨ ਦੀ ਸਪਲਾਈ ਵਿੱਚ ਵਾਧਾ ਹੋਣ ਕਾਰਨ ਵੀ ਇਸ ਤਰ੍ਹਾਂ ਦੇ ਨਤੀਜੇ ਹਾਸਲ ਕੀਤੇ ਜਾ ਸਕੇ ਹਨ। ਇਸ ਮੌਕੇ ਮੇਅਰ ਜੌਹਨ ਟੋਰੀ ਨੇ ਇੱਕ ਪ੍ਰੈੱਸ ਰਲੀਜ਼ ਵਿੱਚ ਆਖਿਆ ਕਿ ਇੱਕ ਵਾਰੀ ਫਿਰ ਪ੍ਰੀਮੀਅਰ ਡੱਗ ਫੋਰਡ ਨੇ ਵੈਕਸੀਨੇਸ਼ਨ ਦਾ ਇੱਕ ਟੀਚਾ ਮਿਥਿਆ ਤੇ ਟੋਰਾਂਟੋ ਦੇ ਲੋਕਾਂ ਦੇ ਸਹਿਯੋਗ ਨਾਲ ਅਸੀਂ ਉਸ ਟੀਚੇ ਨੂੰ ਪੂਰਾ ਕਰਨ ਵਿੱਚ ਕਾਮਯਾਬ ਰਹੇ। ਉਨ੍ਹਾਂ ਅੱਗੇ ਆਖਿਆ ਕਿ ਵੈਕਸੀਨੇਸ਼ਨ ਦਾ ਇਹ ਸਿਲਸਿਲਾ ਇਸੇ ਤਰ੍ਹਾਂ ਜਾਰੀ ਰਹੇਗਾ ਕਿਉਂਕਿ ਅਸੀਂ ਜਾਣਦੇ ਹਾਂ ਕਿ ਜਿੰਨੀ ਜਲਦੀ ਅਸੀਂ ਸਾਰਿਆਂ ਨੂੰ ਵੈਕਸੀਨੇਟ ਕਰਾਂਗੇ ਓਨੀ ਜਲਦੀ ਮਹਾਂਮਾਰੀ ਖਤਮ ਹੋਵੇਗੀ।


Century 21 President Realty Inc Brokerage*
Independently Owned and Operated.



Jagdish Grewal
Sales Representative

ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ
Call Now: (416)-970-5005



Brampton
$799,900
Sandalwood & Kennedy
ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!



Brampton
$849,900
Bramalea & Peter Robertson
3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਉਂਟਰ, ਵੁਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.



Brampton
$699,900
Bovaird & Royal Orchard
3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ



Brampton
$799,999
Bovaird & Bramlea Rd
3 +1 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ



Brampton
$1,199,000
Bovaird & Worthington
4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਊਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ



Brampton
$1,179,000
Pertosa & WillamsParkway
4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ



Brampton
$1,299,000
Gore & Cotrelle
3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ



Brampton
$999,800
Bovaird & Hwy 410
4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੋਡਰਨ ਕਿਚਨ

(416) 970-5005 www.vipcondonetwork.com
80 Maritime Ontario Blvd #246 Brampton, ON L6S 0E7 Call: 905-488-2100 Fax : 905-488-2101


# ਜੀ ਟੀ ਏ ਦੇ ਫੂਡ ਬੈਂਕਜ਼ ਲਈ ਚਲਾਈ ਗਈ ਫੂਡ ਡਰਾਈਵ ਰਹੀ ਸਫਲ

ਟੋਰਾਂਟੋ, 27 ਮਈ (ਪੋਸਟ ਬਿਊਰੋ) : ਖਾਲਸਾ ਡੇਅ ਦੇ 322 ਸਾਲਾ ਜਸ਼ਨਾ ਤੇ ਸਿੱਖ ਹੈਰੀਟੇਜ ਮੰਥ ਦੇ ਜਸ਼ਨਾਂ ਨੂੰ ਮਨਾਉਣ ਲਈ ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕਾਊਂਸਲ ਅਤੇ ਦ ਸਿੱਖ ਮਲੋਟਰਸਾਈਕਲ ਕਲੱਬ ਆਫ ਓਨਟਾਰੀਓ ਵੱਲੋਂ ਜੀਟੀਏ ਦੇ ਫੂਡ ਬੈਂਕਜ਼ ਦੀ ਮਦਦ ਲਈ ਫੂਡ ਡਰਾਈਵ ਦਾ ਆਯੋਜਨ ਕੀਤਾ ਗਿਆ।

ਇਸ ਫੂਡ ਡਰਾਈਵ ਨੂੰ ਕਾਫੀ ਸਫਲਤਾ ਮਿਲੀ ਤੇ ਜੀਟੀਏ ਦੀ ਸਮੁੱਚੀ ਕਮਿਊਨਿਟੀ ਨੇ ਇਸ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਦੌਰਾਨ 25000 ਪਾਊਂਡ ਫੂਡ ਇੱਕਠਾ ਕੀਤਾ ਗਿਆ। ਇਹ ਫੂਡ ਮਿਸੀਸਾਗਾ ਵਿੱਚ ਸੇਵਾ ਫੂਡ ਬੈਂਕ ਤੇ ਟੋਰਾਂਟੋ ਵਿੱਚ ਡੇਲੀ ਬ੍ਰੈੱਡ ਫੂਡ ਬੈਂਕ ਨੂੰ ਦਿੱਤਾ ਗਿਆ।



ਫੂਡ ਜੀਟੀਏ ਭਰ ਦੀਆਂ ਲੋਕੇਸ਼ਨਾਂ ਜਿਵੇਂ ਕਿ ਸਕਾਰਬੌਰੋ ਗੁਰਦੁਆਰਾ ਸਾਹਿਬ ;905 ਮਿਡਲਫੀਲਡ ਰੋਡ, ਰਿਵਾਲਡਾ ਰੋਡ ਗੁਰਦੁਆਰਾ ਸਾਹਿਬ; 140 ਰਿਵਾਲਡਾ ਰੋਡ, ਨੌਰਥ ਯੌਰਕ, ਗੁਰਦੁਆਰਾ ਦਸਮੇਸ਼ ਦਰਬਾਰ; 4555 ਐਬੇਨੇਜਰ ਰੋਡ, ਬਰੈਂਪਟਨ ਅਤੇ ਸਿੱਖ ਹੈਰੀਟੇਜ ਗੁਰਦੁਆਰਾ ਸਾਹਿਬ; 11796 ਏਅਰਪੋਰਟ ਰੋਡ, ਬਰੈਂਪਟਨ ਤੇ ਫਰੈਸਕੋ ਅਤੇ ਏਸ਼ੀਅਨ ਫੂਡਜ਼ ਤੋਂ ਇੱਕਠਾ ਕੀਤਾ ਗਿਆ।

ਵਾਟਰਲੂ ਵਿੱਚ ਇਹ ਫੂਡ ਕਿਚਨਰ ਗੁਰਦੁਆਰਾ ਸਾਹਿਬ; 2070 ਸਨਾਈਡਰ ਰੋਡ ਈਸਟ, ਕਿਚਰਨ, ਕੈਂਬ੍ਰਿੱਜ ਗੁਰਦੁਆਰਾ ਸਾਹਿਬ; 107 ਟਾਊਨਲਾਈਨ ਰੋਡ ਤੇ ਬ੍ਰੈਂਟਫੋਰਡ ਗੁਰਦੁਆਰਾ ਸਾਹਿਬ; 483 ਪਾਰਕ ਰੋਡ ਨੌਰਥ, ਬ੍ਰੈਂਟਫੋਰਡ ਤੇ ਬਾਬਾ ਬੁੱਢਾ ਗੁਰਦੁਆਰਾ ਸਾਹਿਬ, ਸਟੋਨੀ ਕ੍ਰੀਕ ਵਿਖੇ ਫੂਡ ਇੱਕਠਾ ਕੀਤਾ ਗਿਆ। ਇਸ ਰੀਜਨ ਤੋਂ ਇੱਕਠਾ ਕੀਤਾ ਗਿਆ ਫੂਡ ਲੋਕਲ ਫੂਡ ਬੈਂਕਸ ਨੂੰ ਜਾਵੇਗਾ। ਇਸ ਤੋਂ ਇਲਾਵਾ ਫੂਡ ਓਂਕਾਰ ਫੂਡਜ਼ ਐਂਡ ਸਪਾਈਸਿਜ਼, ਜੋ ਕਿ 101 ਹੇਜ਼ਲਗਲੈਨ ਡਰਾਈਵ ਤੇ 1541 ਹਾਈਲੈਂਡ ਰੋਡ ਵੈਸਟ ਲੋਕੇਸ਼ਨਾ, ਜੋ ਕਿ ਕਿਚਨਰ ਵਿੱਚ ਹਨ ਤੋਂ ਇੱਕਠਾ ਕੀਤਾ ਜਾ ਸਕਦਾ ਹੈ। ਓਐਸਜੀਸੀ ਦੇ ਚੇਅਰਮੈਨ ਕੁਲਤਾਰ ਸਿੰਘ ਗਿੱਲ ਤੇ ਓਐਸਜੀਸੀ ਦੇ ਸਕੱਤਰ ਮਨਜੀਤ ਸਿੰਘ ਪਰਮਾਰ ਨੇ ਆਖਿਆ ਕਿ ਇਸ ਮੌਕੇ ਯੋਗਦਾਨ ਪਾਉਣ ਵਾਲਿਆਂ ਦਾ ਉਹ ਸ਼ੁਕਰੀਆ ਅਦਾ ਕਰਦੇ ਹਨ ਤੇ ਇਸ ਫੂਡ ਡਰਾਈਵ ਨੂੰ ਪ੍ਰਮੋਟ ਕਰਨ ਲਈ ਪੰਜਾਬੀ ਮੀਡੀਆ ਵੱਲੋਂ ਕੀਤੀ ਗਈ ਪ੍ਰਮੋਸ਼ਨ ਲਈ ਉਨ੍ਹਾਂ ਦਾ ਧੰਨਵਾਦ ਵੀ ਕਰਦੇ ਹਨ।

# ਸਕਾਰਬੌਰੋ ਦੇ ਘਰ ਵਿਚੋਂ ਮਿਲੀਆਂ ਦੋ ਲਾਸ਼ਾਂ, ਪੁਲਿਸ ਕਰ ਰਹੀ ਹੈ ਜਾਂਚ

ਟੋਰਾਂਟੋ, 27 ਮਈ (ਪੋਸਟ ਬਿਊਰੋ) :ਸ਼ਨਿੱਚਰਵਾਰ ਨੂੰ ਸਕਾਰਬੌਰੋ ਦੇ ਇੱਕ ਘਰ ਵਿੱਚ ਮ੍ਰਿਤਕ ਪਾਏ ਗਏ ਦੋ ਵਿਅਕਤੀਆਂ ਦੇ ਮਾਮਲੇ ਦੀ ਜਾਂਚ ਟੋਰਾਂਟੋ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤੀਂ 7:45 ਉੱਤੇ ਬ੍ਰਿਮਲੇ ਰੋਡ ਤੇ ਮੈਕਨਿਕੋਲ ਐਵਨਿਊ ਨੇੜੇ 25 ਜੇਮਜ਼ ਪਾਰਕ ਸਕੁਏਅਰ ਵਿਖੇ ਵੈੱਲਨੈੱਸ ਚੈੱਕ ਲਈ ਬੁਲਾਇਆ ਗਿਆ ਸੀ। ਜਦੋਂ ਪੁਲਿਸ ਅਧਿਕਾਰੀ ਉੱਥੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਮਹਿਲਾ ਹਾਲਵੇਅ ਵਿੱਚ ਮ੍ਰਿਤਕ ਮਿਲੀ। ਥੋੜ੍ਹੀ ਦੇਰ ਬਾਅਦ ਪੁਲਿਸ ਨੂੰ ਬੇਸਮੈਂਟ ਵਿੱਚ ਇੱਕ ਮ੍ਰਿਤਕ ਵਿਅਕਤੀ ਵੀ ਮਿਲਿਆ।

ਸੋਮਵਾਰ ਨੂੰ ਪੁਲਿਸ ਨੇ ਮ੍ਰਿਤਕ ਮਹਿਲਾ ਦੀ ਪਛਾਣ 46 ਸਾਲਾ ਟੋਰਾਂਟੋ ਵਾਸੀ ਡੇਜ਼ੀ ਸਹਿਗਲ ਵਜੋਂ ਕੀਤੀ। ਸੋਮਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਦੱਸਿਆ ਗਿਆ ਕਿ ਮਹਿਲਾ ਦੀ ਮੌਤ ਗਲੇ ਉੱਤੇ ਦਬਾਅ ਆਉਣ ਕਾਰਨ ਹੋਈ ਹੈ। ਮ੍ਰਿਤਕ ਵਿਅਕਤੀ ਦੀ ਪਛਾਣ ਟੋਰਾਂਟੋ ਦੇ 50 ਸਾਲਾ ਅਨੁਰਾਗ ਕਲਵਰ ਵਜੋਂ ਕੀਤੀ ਗਈ ਹੈ। ਉਸ ਦੀ ਮੌਤ ਦੇ ਕਾਰਨਾਂ ਬਾਰੇ ਪੁਲਿਸ ਵੱਲੋਂ ਅਜੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਟੋਰਾਂਟੋ ਪੁਲਿਸ ਹੋਮੀਸਾਈਡ ਯੂਨਿਟ ਵੱਲੋਂ ਆਪਣੇ ਹੱਥ ਲੈ ਲਈ ਗਈ ਹੈ। ਇਨ੍ਹਾਂ ਮੌਤਾਂ ਨੂੰ ਸ਼ੱਕੀ ਨਹੀਂ ਮੰਨਿਆ ਜਾ ਰਿਹਾ। ਕਿਸੇ ਮਸ਼ਕੂਕ ਦੀ ਵੀ ਪੁਲਿਸ ਵੱਲੋਂ ਕੋਈ ਭਾਲ ਨਹੀਂ ਕੀਤੀ ਜਾ ਰਹੀ।


REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਪਾਰਕਡੇਲ ਵਿੱਚ ਚੱਲੀ ਗੋਲੀ, ਇੱਕ ਗੰਭੀਰ ਜ਼ਖ਼ਮੀ




ਪਾਰਕਡੇਲ, 27 ਮਈ (ਪੋਸਟ ਬਿਊਰੋ) : ਪਾਰਕਡੇਲ ਵਿੱਚ ਦਿਨ ਦਿਹਾੜੇ ਹੋਈ ਸ਼ੂਟਿੰਗ ਵਿੱਚ ਇੱਕ 24 ਸਾਲਾ ਵਿਅਕਤੀ ਜ਼ਖ਼ਮੀ ਹੋ ਗਿਆ। ਬੁੱਧਵਾਰ ਸ਼ਾਮ ਨੂੰ 5:45 ਉੱਤੇ ਕੁਈਨ ਸਟਰੀਟ ਵੈਸਟ ਤੇ ਲੈਂਸਡਾਊਨ ਐਵਨਿਊ ਇਲਾਕੇ ਵਿੱਚ ਵੈਸਟ ਲੌਜ ਤੇ ਸੀਅਫੋਰਥ ਐਵਨਿਊਂ ਇਲਾਕੇ ਵਿੱਚ ਗੋਲੀ ਚੱਲਣ ਦੀ ਇਹ ਘਟਨਾ ਵਾਪਰੀ। ਪੁਲਿਸ ਮੌਕੇ ਉੱਤੇ ਪਹੁੰਚੀ ਤੇ ਉਨ੍ਹਾਂ ਨੂੰ ਉੱਥੇ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਮਿਲਿਆ। ਇੰਸਪੈਕਟਰ ਮਾਈਕਲ ਵਿਲੀਅਮਜ਼ ਨੇ ਦੱਸਿਆ ਕਿ ਜਦੋਂ ਉਹ ਮੌਕੇ ਉੱਤੇ ਪਹੁੰਚੇ ਤਾ ਉਨ੍ਹਾਂ ਨੂੰ 24 ਸਾਲਾ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ, ਉਸ ਨੂੰ ਧੜ ਦੇ ਉੱਪਰੀ ਹਿੱਸੇ ਵਿੱਚ ਦੋ ਵਾਰੀ ਗੋਲੀ ਮਾਰੀ ਗਈ ਸੀ। ਇੱਕ ਗੋਲੀ ਉਸ ਦੇ ਮੋਢੇ ਉੱਤੇ ਲੱਗੀ ਸੀ ਜਦਕਿ ਦੂਜੀ ਗੋਲੀ ਉਸ ਦੇ ਢਿੱਡ ਵਿੱਚ ਲੱਗੀ ਸੀ। ਉਸ ਨੂੰ ਨਜ਼ਦੀਕੀ ਟਰੌਮਾ ਸੈਂਟਰ ਲਿਜਾਇਆ ਗਿਆ।

ਟੋਰਾਂਟੋ ਦੀ ਪੈਰਾਮੈਡਿਕ ਸਰਵਿਸਿਜ਼ ਨੇ ਦੱਸਿਆ ਕਿ ਉਸ ਨੂੰ ਗੰਭੀਰ ਪਰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਨੂੰ ਮੌਕੇ ਉੱਤੇ ਇੱਕ ਗੱਡੀ ਵੀ ਮਿਲੀ, ਜਿਹੜੀ ਗੋਲੀਆਂ ਨਾਲ ਵਿੰਨ੍ਹੀ ਪਈ ਸੀ। ਇਹ ਵੀ ਖਬਰਾਂ ਮਿਲੀਆਂ ਹਨ ਕਿ ਦੋ ਮਸ਼ਕੂਕ ਪੈਦਲ ਹੀ ਇਸ ਵਿਅਕਤੀ ਕੋਲ ਪਹੁੰਚੇ ਤੇ ਗੋਲੀ ਚਲਾਏ ਜਾਣ ਤੋਂ ਪਹਿਲਾਂ ਦੋਵਾਂ ਧਿਰਾਂ ਵਿਚਾਲੇ ਬਹਿਸ ਵੀ ਹੋਈ। ਇਸ ਵਿਅਕਤੀ ਨੂੰ ਗੋਲੀਆਂ ਮਾਰਨ ਤੋਂ ਬਾਅਦ ਦੋ ਮਸ਼ਕੂਕ, ਜੋ ਕਿ ਆਪਣੇ 20ਵਿਆਂ ਦੇ ਸ਼ੁਰੂ ਵਿੱਚ ਸਨ, ਮੌਕੇ ਤੋਂ ਇੱਕ ਕਾਲੇ ਰੰਗ ਦੀ ਸੇਡਾਨ ਵਿੱਚ ਫਰਾਰ ਹੋ ਗਏ। ਇਹ ਸੇਡਾਨ ਪਹਿਲਾਂ ਤੋਂ ਹੀ ਉਨ੍ਹਾਂ ਦੀ ਉਡੀਕ ਕਰ ਰਹੀ ਸੀ। ਪੁਲਿਸ ਨੇ ਆਖਿਆ ਕਿ ਗੱਡੀ ਵਿੱਚ ਡਰਾਈਵਰ ਹੋਣ ਦੀ ਵੀ ਸੰਭਾਵਨਾ ਹੈ ਤੇ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਤਿੰਨੇ ਕਿਸ ਦਿਸ਼ਾ ਵੱਲ ਗਏ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸੈਨ ਹੋਜ਼ੇ ਰੇਲਯਾਰਡ ਵਿਚ ਸਿਰਫਿਰੇ ਵਿਅਕਤੀ ਨੇ ਅੰਨ੍ਹੇਵਾਹ ਚਲਾਈਆਂ ਗੋਲੀਆਂ, ਕਈ ਹਲਾਕ, ਕਈ ਜ਼ਖ਼ਮੀ



ਸੈਨ ਹੋਜ਼ੇ, ਕੈਲੇਫੋਰਨੀਆ, 27 ਮਈ (ਪੋਸਟ ਬਿਊਰੋ) : ਬੁੱਧਵਾਰ ਨੂੰ ਸੈਨ ਹੋਜ਼ੇ ਦੇ ਰੇਲਯਾਰਡ ਵਿੱਚ ਇੱਕ ਸਿਰਫਿਰੇ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾਏ ਜਾਣ ਕਾਰਨ ਕਈ ਲੋਕ ਮਾਰੇ ਗਏ, ਕਈ ਹੋਰ ਜ਼ਖ਼ਮੀ ਹੋ ਗਏ। ਸ਼ੈਰਿਫ ਦੇ ਬੁਲਾਰੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਘਟਨਾਕ੍ਰਮ ਵਿੱਚ ਮਸ਼ਕੂਕ ਵੀ ਮਾਰਿਆ ਗਿਆ। ਸੈਂਟਾ ਕਲਾਰਾ ਕਾਊਂਟੀ ਦੇ ਸ਼ੈਰਿਫ ਦੇ ਬੁਲਾਰੇ ਡਿਪਟੀ ਰਸਲ ਡੇਵਿਸ ਨੇ ਆਖਿਆ ਕਿ ਉਹ ਅਜੇ ਮ੍ਰਿਤਕਾਂ ਦੀ ਜਾਂ ਜ਼ਖ਼ਮੀਆਂ ਦੀ ਗਿਣਤੀ ਤਾਂ ਨਹੀਂ ਦੱਸ ਸਕਦੇ ਤੇ ਨਾ ਹੀ ਇਹ ਦੱਸ ਸਕਦੇ ਹਨ ਕਿ ਮਸ਼ਕੂਕ ਕਿਵੇਂ ਮਾਰਿਆ ਗਿਆ। ਇਹ ਘਟਨਾ ਸ਼ੈਰਿਫ ਡਿਪਾਰਟਮੈਂਟ ਦੇ ਬਿਲਕੁਲ ਨੇੜੇ ਤੇ ਏਅਰਪੋਰਟ ਨਾਲ ਜੁੜਦੇ ਫਰੀਵੇਅ ਲਾਗੇ ਲਾਈਟ ਰੇਲ ਫੈਸਿਲਿਟੀ ਉੱਤੇ ਸਵੇਰੇ 6:30 ਵਜੇ ਵਾਪਰੀ। ਇਹ ਫੈਸਿਲਿਟੀ ਟਰਾਂਜ਼ਿਟ ਕੰਟਰੋਲ ਸੈਂਟਰ ਹੈ ਤੇ ਇੱਥੇ ਟਰੇਨਜ਼ ਨੂੰ ਸਟੋਰ ਕੀਤਾ ਜਾਂਦਾ ਹੈ ਤੇ ਉਨ੍ਹਾਂ ਦੀ ਮੇਨਟੇਨੈਂਸ ਕੀਤੀ ਜਾਂਦੀ ਹੈ।

ਡੇਵਿਸ ਨੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਇਸ ਘਟਨਾ ਲਈ ਕਿਸ ਤਰ੍ਹਾਂ ਦੇ ਹਥਿਆਰ ਦੀ ਵਰਤੋਂ ਕੀਤੀ ਗਈ ਜਾਂ ਫਿਰ ਇਹ ਸ਼ੂਟਿੰਗ ਇੰਡੋਰ ਹੋਈ ਜਾਂ ਆਊਟਡੋਰ ਹੋਈ। ਉਨ੍ਹਾਂ ਆਖਿਆ ਕਿ ਮ੍ਰਿਤਕਾਂ ਤੇ ਜ਼ਖ਼ਮੀਆਂ ਵਿੱਚ ਵੈਲੀ ਟਰਾਂਸਪੋਰਟੇਸ਼ਨ ਅਥਾਰਟੀ ਦੇ ਇੰਪਲੌਈਜ਼ ਸ਼ਾਮਲ ਹਨ। ਵੀ ਟੀ ਏ ਸੈਂਟਾ ਕਲਾਰਾ ਕਾਊਂਟੀ ਵਿੱਚ ਬੱਸਾਂ, ਹਲਕੀਆਂ ਰੇਲਾਂ ਤੇ ਹੋਰ ਟਰਾਂਜ਼ਿਟ ਸੇਵਾਵਾਂ ਮੁਹੱਈਆ ਕਰਵਾਉਂਦੀ ਹੈ। ਇਹ ਬੇਅ ਏਰੀਆ ਵਿੱਚ ਸੱਭ ਤੋਂ ਵੱਡੀ ਕਾਊਂਟੀ ਹੈ ਤੇ ਸਿਲੀਕੌਨ ਵੈਲੀ ਵੀ ਇੱਥੇ ਹੀ ਹੈ।

ਗਵਰਨਰ ਗੈਵਿਨ ਨਿਊਸਮ ਨੇ ਇੱਕ ਟਵੀਟ ਵਿੱਚ ਆਖਿਆ ਕਿ ਉਨ੍ਹਾਂ ਦਾ ਆਫਿਸ ਲੋਕਲ ਲਾਅ ਐਨਫੋਰਸਮੈਂਟ ਅਧਿਕਾਰੀਆਂ ਦੇ ਸੰਪਰਕ ਵਿੱਚ ਹੈ ਤੇ ਹਾਲਾਤ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਐਫਬੀਆਈ ਦੇ ਸਪੈਸ਼ਲ ਏਜੰਟਸ ਤੇ ਫੈਡਰਲ ਬਿਊਰੋ ਆਫ ਅਲਕੋਹਲ, ਟੋਬੈਕੋ, ਫਾਇਰਆਰਮਜ਼ ਤੇ ਐਕਸਪਲੋਸਿਵਜ਼ ਵੀ ਮੌਕੇ ਉੱਤੇ ਜਾਂਚ ਵਿੱਚ ਮਦਦ ਕਰ ਰਹੇ ਹਨ।

# ਐਨਰਜੀ ਦੀ ਬਚਤ ਕਰਨ ਵਾਲੇ ਘਰ ਬਣਾਉਣ ਲਈ ਫੈਡਰਲ ਸਰਕਾਰ ਦੇਵੇਗੀ 5000 ਡਾਲਰ ਦੀ ਗ੍ਰਾਂਟ



ਟੋਰਾਂਟੋ, 27 ਮਈ (ਪੋਸਟ ਬਿਊਰੋ) : ਜਿਨ੍ਹਾਂ ਕੈਨੇਡੀਅਨਜ਼ ਦੇ ਆਪਣੇ ਘਰ ਹਨ, ਉਹ ਫੈਡਰਲ ਸਰਕਾਰ ਦੇ ਇੱਕ ਨਵੇਂ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ। ਇਸ ਪ੍ਰੋਗਰਾਮ ਤਹਿਤ ਘਰਾਂ ਨੂੰ ਐਨਰਜੀ ਦੀ ਬਚਤ ਕਰਨ ਵਾਲੇ ਘਰਾਂ ਵਿੱਚ ਤਬਦੀਲ ਕੀਤਾ ਜਾਵੇਗਾ ਤੇ ਇਸ ਲਈ 5000 ਡਾਲਰ ਤੱਕ ਦੀ ਗ੍ਰਾਂਟ ਦਿੱਤੀ ਜਾਵੇਗੀ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਕੁਦਰਤੀ ਸਰੋਤਾਂ ਦੇ ਵਿਕਾਸ ਬਾਰੇ ਮੰਤਰੀ ਸੀਮਸ ਓ-ਰੀਗਨ ਨੇ ਵੀਰਵਾਰ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਕੈਨੇਡਾ ਗ੍ਰੀਨਰ ਹੋਮਜ਼ ਪ੍ਰੋਗਰਾਮ ਲਾਂਚ ਕੀਤਾ। ਸੱਭ ਤੋਂ ਪਹਿਲਾਂ ਪਿਛਲੇ ਸਾਲ ਇਸ ਪ੍ਰੋਗਰਾਮ ਦੀ ਪੇਸ਼ਕਸ਼ ਕੀਤੀ ਗਈ ਸੀ। ਇਸ ਪ੍ਰੋਗਰਾਮ ਤਹਿਤ ਅਜਿਹੇ ਲੋਕਾਂ ਨੂੰ 5000 ਡਾਲਰ ਦੀ ਗ੍ਰਾਂਟ ਦਿੱਤੀ ਜਾਵੇਗੀ ਜਿਨ੍ਹਾਂ ਦੇ ਆਪਣੇ ਘਰ ਹਨ। ਇਸ ਗ੍ਰਾਂਟ ਦੀ ਵਰਤੋਂ ਐਨਰਜੀ ਸੇਵਿੰਗ ਪ੍ਰੋਜੈਕਟ ਤਹਿਤ ਇੰਸੂਲੇਸ਼ਨ ਵਿੱਚ ਸੁਧਾਰ, ਰੂਫ ਪੈਨਲਜ਼, ਬੇਹੱਦ ਸਮਰੱਥ ਵਾਟਰ ਹੀਟਰਜ਼ ਜਾਂ ਹੀਟਿੰਗ ਇਕਿਉਪਮੈਂਟ ਤੇ ਸੋਲਰ ਪੈਨਲਜ਼ ਲਾਉਣ ਲਈ ਕੀਤੀ ਜਾਵੇਗੀ।

ਇਸ ਪ੍ਰੋਗਰਾਮ ਵਿੱਚ 600 ਡਾਲਰ ਦੀ ਅਜਿਹੀ ਗ੍ਰਾਂਟ ਵੀ ਸ਼ਾਮਲ ਹੈ ਜਿਸ ਨੂੰ ਹੋਮ ਐਨਰਜੀ ਆਡਿਟਸ ਲਈ ਵਰਤਿਆ ਜਾਵੇਗਾ। ਸਰਕਾਰ ਨੂੰ ਉਮੀਦ ਹੈ ਕਿ ਅਗਲੇ ਸੱਤ ਸਾਲਾਂ ਵਿੱਚ 700,000 ਅਜਿਹੀਆਂ ਗ੍ਰਾਂਟਾ ਦਿੱਤੀਆਂ ਜਾਣਗੀਆਂ ਤੇ ਇਨ੍ਹਾਂ ਉੱਤੇ ਕੁੱਲ ਲਾਗਤ 2.6 ਬਿਲੀਅਨ ਡਾਲਰ ਆਵੇਗੀ। ਸਰਕਾਰ ਦਾ ਕਹਿਣਾ ਹੈ ਕਿ ਇਸ ਗ੍ਰਾਂਟ ਲਈ ਯੋਗ ਹੋਣ ਵਾਸਤੇ ਕਿਸੇ ਘਰ ਦਾ ਛੇ ਮਹੀਨੇ ਪੁਰਾਣਾ ਹੋਣਾ ਜ਼ਰੂਰੀ ਹੈ ਤੇ ਇਸ ਦਾ ਐਨਰਗਾਈਡ ਮੁਲਾਂਕਣ ਲਈ ਯੋਗ ਹੋਣਾ ਵੀ ਜ਼ਰੂਰੀ ਹੈ।

# ਦਸ ਸਾਲਾਂ ਵਿੱਚ ਓਸਲਰ ਫਾਊਂਡੇਸ਼ਨ ਨੇ ਇੱਕਠੇ ਕੀਤੇ 109 ਮਿਲੀਅਨ ਡਾਲਰ



ਬਰੈਂਪਟਨ, 27 ਮਈ (ਪੋਸਟ ਬਿਊਰੋ) : ਯੂ ਹੈਵ ਦ ਪਾਵਰ ਕੈਂਪੇਨ ਲਾਂਚ ਕਰਨ ਤੋਂ ਦਸ ਸਾਲ ਬਾਅਦ ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸਖਨ (ਓਸਲਰ ਫਾਊਂਡੇਸ਼ਨ) ਵੱਲੋਂ ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਦੀ ਮਦਦ ਲਈ 109 ਮਿਲੀਅਨ ਡਾਲਰ ਇੱਕਠੇ ਕਰ ਲਏ ਗਏ ਹਨ।

ਕਮਿਊਨਿਟੀ ਦੀਆਂ ਸਿਹਤ ਸਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਇੱਕ ਦਹਾਕੇ ਪਹਿਲਾਂ ਇਹ ਕੈਂਪੇਨ 100 ਮਿਲੀਅਨ ਡਾਲਰ ਇੱਕਠੇ ਕਰਨ ਦੇ ਟੀਚੇ ਨਾਲ ਸ਼ੁਰੂ ਕੀਤੀ ਗਈ ਸੀ। ਓਸਲਰ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਨ ਮੇਅਹਿਊ ਨੇ ਆਖਿਆ ਕਿ 34000 ਡੋਨਰਜ਼ ਦੀ ਮਦਦ ਨਾਲ ਅਸੀਂ ਆਪਣੇ ਟੀਚੇ ਤੋਂ ਵੀ ਵੱਧ ਮਦਦ ਇੱਕਠੀ ਕਰਨ ਵਿੱਚ ਕਾਮਯਾਬ ਹੋਏ ਹਾਂ। ਉਨ੍ਹਾਂ ਆਖਿਆ ਕਿ ਇਸ ਲਈ ਅਸੀਂ ਆਪਣੀ ਕਮਿਊਨਿਟੀ ਦੇ ਬਹੁਤ ਧੰਨਵਾਦੀ ਹਾਂ। ਉਨ੍ਹਾਂ ਆਖਿਆ ਕਿ ਸਾਡੇ ਡੋਨਰਜ਼ ਵੱਲੋਂ ਡਾਲਰਾਂ ਦੇ ਨਾਲ ਨਾਲ ਮਲਟੀ ਮਿਲੀਅਨ ਡਾਲਰ ਦੇ ਗਿਫਟ ਵੀ ਦਿੱਤੇ ਗਏ ਤੇ ਇਹ ਸੱਚਮੁੱਚ ਹੀ ਕਮਿਊਨਿਟੀ ਦੀ ਕਾਮਯਾਬ ਕੋਸ਼ਿਸ਼ ਸੀ।

ਉਨ੍ਹਾਂ ਦੱਸਿਆ ਕਿ ਇੱਕਠੇ ਕੀਤੇ ਗਏ ਫੰਡਾਂ ਨਾਲ ਪੀਲ ਮੈਮੋਰੀਅਲ ਸੈਂਟਰ ਫੌਰ ਇੰਟੇਗ੍ਰੇਟਿਡ ਹੈਲਥ ਐਂਡ ਵੈੱਲਨੈੱਸ ਦੀ ਇਮਾਰਤ ਤਿਆਰ ਕਰਵਾਉਣ ਵਿੱਚ ਮਦਦ ਮਿਲੀ ਤੇ ਉੱਥੇ ਸਾਜ਼ੋ ਸਮਾਨ ਲਿਆਂਦਾ ਗਿਆ। ਇਹ ਇਮਾਰਤ 2017 ਵਿੱਚ ਤਿਆਰ ਹੋਈ ਤੇ ਇਹ ਪਿੱਛੇ ਜਿਹੇ ਪਾਸ ਹੋਏ ਫੇਜ਼ 2 ਦੀ ਮਜ਼ਬੂਤ ਨੀਂਹ ਦਾ ਵੀ ਜ਼ਰੀਆ ਬਣੀ। ਇਸ ਕੈਂਪੇਨ ਨੇ 2019 ਵਿੱਚ ਇਟੋਬੀਕੋ ਜਨਰਲ ਹਸਪਤਾਲ ਦੇ ਨਵੇਂ ਪੇਸ਼ੈਂਟ ਟਾਵਰ ਨੂੰ ਖੋਲ੍ਹਣ ਵਿੱਚ ਵੀ ਮਦਦ ਕੀਤੀ। ਇਸ ਤੋਂ ਇਲਾਵਾ ਇਸ ਕੈਂਪੇਨ ਰਾਹੀਂ ਇੱਕਠੇ ਹੋਏ ਫੰਡਾਂ ਰਾਹੀਂ ਬਰੈਂਪਟਨ ਦੇ ਸਿਵਿਕ ਹਸਪਤਾਲ ਵਿੱਚ ਆਧੁਨਿਕ ਤੇ ਮਿਆਰੀ ਇਕਿਉਪਮੈਂਟ ਵੀ ਲਾਏ ਗਏ।

ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪ੍ਰੈਜ਼ੀਡੈਂਟ ਐਂਡ ਸੀਈਓ ਡਾ· ਨਵੀਦ ਮੁਹੰਮਦ ਨੇ ਆਖਿਆ ਕਿ ਇਸ ਕੈਂਪੇਨ ਨੇ ਓਸਲਰ ਦੇ ਸਟਾਫ ਤੇ ਡਾਕਟਰਾਂ ਨੂੰ ਕਮਿਊਨਿਟੀ ਦੀਆਂ ਲੋੜਾਂ ਪੂਰੀਆਂ ਕਰਨ ਦੀ ਸਮਰੱਥਾ ਬਖਸ਼ੀ। ਉਨ੍ਹਾਂ ਆਖਿਆ ਕਿ ਭਾਵੇਂ ਯੂ ਹੈਵ ਦ ਪਾਵਰ ਕੈਂਪੇਨ ਰਸਮੀ ਤੌਰ ਉੱਤੇ ਬੰਦ ਹੋ ਚੁੱਕੀ ਹੈ ਪਰ ਓਸਲਰ ਫਾਊਂਡੇਸ਼ਨ ਓਸਲਰ ਤੇ ਇਸ ਦੀ ਟੀਮ ਦੀ ਮਦਦ ਲਈ ਫੰਡ ਇੱਕਠੇ ਕਰਦੀ ਰਹੇਗੀ

# ਦੋ ਬੱਚਿਆਂ ਦੀ ਜਾਨ ਲੈਣ ਵਾਲੇ ਟੀਨੇਜ ਡਰਾਈਵਰ ਨੂੰ 300,000 ਦੇ ਮੁਚਲਕੇ ਉੱਤੇ ਮਿਲੀ ਜ਼ਮਾਨਤ



ਟੋਰਾਂਟੋ, 27 ਮਈ (ਪੋਸਟ ਬਿਊਰੋ) : ਰਿਚਮੰਡ ਹਿੱਲ ਦੇ ਟੀਨ ਡਰਾਈਵਰ, ਜਿਸ ਉੱਤੇ ਵਾਅਨ, ਓਨਟਾਰੀਓ ਵਿੱਚ ਆਪਣੇ ਘਰ ਦੇ ਬਾਹਰ ਖੇਡ ਰਹੇ ਦੋ ਬੱਚਿਆਂ ਨੂੰ ਮਾਰਨ ਦਾ ਦੋਸ਼ ਸੀ, ਨੂੰ ਬੁੱਧਵਾਰ ਨੂੰ 300,000 ਡਾਲਰ ਦੇ ਮੁਚਲਕੇ ਉੱਤੇ ਜ਼ਮਾਨਤ ਦੇ ਦਿੱਤੀ ਗਈ।

ਪੁਲਿਸ ਅਨੁਸਾਰ, 16 ਮਈ ਨੂੰ 10 ਸਾਲਾਂ ਦੀ ਬੱਚੀ ਤੇ ਉਸ ਦਾ ਚਾਰ ਸਾਲਾਂ ਦਾ ਭਰਾ ਆਪਣੇ ਘਰ ਦੇ ਡਰਾਈਵ-ਵੇਅ ਵਿੱਚ ਆਪਣੇ ਗੁਆਂਢੀ ਨਾਲ ਰਲ ਕੇ ਖੇਡ ਰਹੇ ਸਨ ਜਦੋਂ ਦੁਪਹਿਰ ਦੇ ਸਮੇਂ ਇੱਕ ਕਾਲੇ ਰੰਗ ਦੀ ਮਰਸਡੀਜ਼ ਬੈਂਜ ਸੇਡਾਨ ਨੇ ਆ ਕੇ ਉਨ੍ਹਾਂ ਤਿੰਨਾਂ ਨੂੰ ਟੱਕਰ ਮਾਰ ਦਿੱਤੀ। ਦੋਵਾਂ ਬੱਚਿਆਂ ਦੀ ਹਸਪਤਾਲ ਵਿੱਚ ਮੌਤ ਹੋ ਗਈ। ਗੁਆਂਢੀ ਨੂੰ ਵੀ ਹਸਪਤਾਲ ਲਿਜਾਇਆ ਗਿਆ ਪਰ ਉਹ ਬਚ ਗਿਆ। ਇਨ੍ਹਾਂ ਬੱਚਿਆਂ ਦੀ ਪਛਾਣ 10 ਸਾਲ ਅਨਾਇਆ ਤੇ 4 ਸਾਲਾ ਜੈਕਸ ਵਜੋਂ ਹੋਈ।

ਪੁਲਿਸ ਨੇ 16 ਸਾਲਾਂ ਦੇ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਲਿਆ। ਉਸ ਉੱਤੇ ਛੇ ਚਾਰਜਿਜ਼ ਲਾਏ ਗਏ, ਮੁਜਰਮਾਨਾ ਅਣਗਹਿਲੀ ਦੇ ਦੋ ਮਾਮਲੇ ਜਿਨ੍ਹਾਂ ਕਾਰਨ ਮੌਤ ਹੋਈ, ਖਤਰਨਾਕ ਢੰਗ ਨਾਲ ਗੱਡੀ ਚਲਾਉਣਾ, ਗੱਡੀ ਨੂੰ ਗਲਤ ਢੰਗ ਨਾਲ ਚਲਾਉਣਾ ਜਿਸ ਨਾਲ ਕਿਸੇ ਨੂੰ ਸ਼ਰੀਰਕ ਨੁਕਸਾਨ ਪਹੁੰਚਿਆ। ਇਨ੍ਹਾਂ ਚਾਰਜਿਜ਼ ਨੂੰ ਅਜੇ ਅਦਾਲਤ ਵਿੱਚ ਸਿੱਧ ਨਹੀਂ ਕੀਤਾ ਗਿਆ ਹੈ।

ਜ਼ਮਾਨਤ ਲਈ ਵਰਚੂਅਲ ਸੁਣਵਾਈ ਦੌਰਾਨ 16 ਸਾਲਾ ਟੀਨੇਜਰ ਨੂੰ ਜ਼ਮਾਨਤ ਦੇ ਦਿੱਤੀ ਗਈ ਪਰ ਯੂਥ ਕ੍ਰਿਮੀਨਲ ਜਸਟਿਸ ਐਕਟ ਤਹਿਤ ਉਸ ਦੀ ਪਛਾਣ ਜਾਹਿਰ ਨਹੀਂ ਕੀਤੀ ਜਾ ਸਕਦੀ। ਜ਼ਮਾਨਤ ਲਈ ਕਈ ਹੋਰ ਸ਼ਰਤਾਂ ਵੀ ਰੱਖੀਆਂ ਗਈਆਂ ਹਨ। ਮਾਮਲੇ ਦੀ ਅਗਲੀ ਸੁਣਵਾਈ 17 ਜੂਨ ਨੂੰ ਹੋਵੇਗੀ।

# 14 ਜੂਨ ਤੱਕ ਕੈਨੇਡਾ ਨੂੰ 2 ਮਿਲੀਅਨ ਡੋਜ਼ਾਂ ਭੇਜੇਗੀ ਮੌਡਰਨਾ

...ਪੰਨਾ 1 ਦਾ ਬਾਕੀ

ਆਨੰਦ ਨੇ ਆਖਿਆ ਕਿ ਇਸ ਸਮੇਂ ਅਸੀਂ ਯੋਗ ਕੈਨੇਡੀਅਨਾਂ ਨੂੰ ਉਨ੍ਹਾਂ ਦੀ ਪਹਿਲੀ ਡੋਜ਼ ਜੂਨ ਦੇ ਅੰਤ ਤੱਕ ਦੇਣ ਲਈ ਬਿਲਕੁਲ ਟਰੈਕ ਉੱਤੇ ਹਾਂ ਤੇ ਇਸ ਤੋਂ ਬਾਅਦ ਸੈਕਿੰਡ ਡੋਜ਼ ਦਾ ਸਿਲਸਿਲਾ ਵੀ ਸ਼ੁਰੂ ਹੋਣ ਵਾਲਾ ਹੈ। ਮਈ ਦੇ ਮੱਧ ਵਿੱਚ ਇਹ ਪੁਸ਼ਟੀ ਵੀ ਕੀਤੀ ਗਈ ਸੀ ਕਿ ਜੁਲਾਈ ਵਿੱਚ ਕੈਨੇਡਾ ਨੂੰ ਫਾਈਜ਼ਰ ਵੈਕਸੀਨ ਦੀਆਂ ਨੌਂ ਮਿਲੀਅਨ ਡੋਜ਼ਾਂ ਮਿਲਣ ਦੀ ਉਮੀਦ ਹੈ। ਇਸ ਤੋਂ ਪਹਿਲਾਂ ਜੂਨ ਵਿੱਚ ਕੈਨੇਡਾ ਫਾਈਜ਼ਰ ਦੀਆਂ 12 ਮਿਲੀਅਨ ਡੋਜ਼ਾਂ ਮਿਲਣ ਦੀ ਆਸ ਲਾਈ ਬੈਠਾ ਹੈ। ਫਾਈਜ਼ਰ ਵੱਲੋਂ ਜੂਨ ਵਿੱਚ ਸ਼ੁਰੂ ਕਰਕੇ ਜੁਲਾਈ ਦੇ ਅੰਤ ਤੱਕ ਕੈਨੇਡਾ ਨੂੰ ਹਰ ਹਫਤੇ 2 ਮਿਲੀਅਨ ਤੋਂ 2.5 ਮਿਲੀਅਨ ਡੋਜ਼ਾਂ ਦੇਣਾ ਤੈਅ ਕੀਤਾ ਗਿਆ ਹੈ।

ਇਸ ਦੌਰਾਨ ਕੁੱਝ ਦਿਨਾਂ ਵਿੱਚ ਹੀ ਐਸਟ੍ਰਾਜ਼ੈਨੇਕਾ ਵੈਕਸੀਨ ਦੀਆਂ ਹਜ਼ਾਰਾਂ ਡੋਜ਼ਾਂ ਐਕਸਪਾਇਅਰ ਹੋਣ ਜਾ ਰਹੀਆਂ ਹਨ ਤੇ ਫੈਡਰਲ ਸਰਕਾਰ ਵੱਲੋਂ ਪ੍ਰੋਵਿੰਸਾਂ ਨੂੰ ਜਲਦ ਤੋਂ ਜਲਦ ਇਨ੍ਹਾਂ ਡੋਜ਼ਾਂ ਨੂੰ ਕੈਨੇਡੀਅਨਾਂ ਨੂੰ ਦੇਣ ਦੀ ਗੁਜ਼ਾਰਿਸ਼ ਕੀਤੀ ਜਾ ਰਹੀ ਹੈ।

# ਵੁੱਡਬਾਈਨ ਤੇ ਚੈਰੀ ਬੀਚਿਜ਼ ਉੱਤੇ ਇੱਕਠੇ ਹੋਏ ਹਜ਼ਾਰਾਂ ਲੋਕ, ਕਈਆਂ ਨੂੰ ਕੀਤੀਆਂ ਗਈਆਂ ਟਿਕਟਾਂ ਜਾਰੀ



ਟੋਰਾਂਟੋ, 27 ਮਈ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਲਾਏ ਗਏ ਅੰਦਾਜ਼ੇ ਅਨੁਸਾਰ ਐਤਵਾਰ ਰਾਤ ਨੂੰ ਵੁੱਡਬਾਈਨ ਤੇ ਚੈਰੀ ਬੀਚਿਜ਼ ਉੱਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਵਿਕਟੋਰੀਆ ਡੇਅ ਦੇ ਜਸ਼ਨ ਮਨਾਉਣ ਲਈ ਇੱਕਠੇ ਹੋਏ ਤੇ ਲੋਕਾਂ ਨੇ ਜੰਮ ਕੇ ਇੱਥੇ ਆਤਿਸ਼ਬਾਜ਼ੀ ਕੀਤੀ।

ਕਾਂਸਟੇਬਲ ਐਡ ਪਾਰਕਸ ਨੇ ਦੱਸਿਆ ਕਿ ਪੁਲਿਸ ਨੂੰ ਇੱਥੇ ਇੱਕਠ ਹੋਣ ਦੀਆਂ ਕਈ ਖਬਰਾਂ ਮਿਲੀਆਂ ਤੇ ਕਈ ਲੋਕਾਂ ਨੂੰ ਟਿਕਟਾਂ ਵੀ ਜਾਰੀ ਕੀਤੀਆਂ ਗਈਆਂ ਪਰ ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਹ ਟਿਕਟਾਂ ਕਿੰਨੇ ਲੋਕਾਂ ਨੂੰ ਜਾਰੀ ਕੀਤੀਆਂ ਗਈਆਂ। ਸੋਸ਼ਲ ਮੀਡੀਆ ਉੱਤੇ ਸਾਂਝੀਆਂ ਕੀਤੀਆਂ ਗਈਆਂ ਪੋਸਟਸ ਤੋਂ ਸਾਹਮਣੇ ਆਇਆ ਕਿ ਲੋਕ ਇੱਕਠੇ ਹੋ ਕੇ ਆਤਿਸ਼ਬਾਜ਼ੀ ਦਾ ਆਨੰਦ ਲੈ ਰਹੇ ਸਨ ਤੇ ਸੋਮਵਾਰ ਨੂੰ ਇਨ੍ਹਾਂ ਬੀਚਿਜ਼ ਉੱਤੇ ਗੰਦ ਦੇ ਢੇਰ ਵੀ ਲੱਗੇ ਮਿਲੇ।

ਇਨ੍ਹਾਂ ਵਿਜ਼ੀਟਰਜ਼ ਵੱਲੋਂ ਪਾਏ ਗਏ ਗੰਦ ਨੂੰ ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਤੇ ਸਿਟੀ ਦੇ ਅਮਲੇ ਵੱਲੋਂ ਸਾਫ ਕੀਤਾ ਗਿਆ। ਕਾਂਸਟੇਬਲ ਪਾਰਕਸ ਨੇ ਆਖਿਆ ਕਿ ਲੋਕਾਂ ਨੂੰ ਇੱਕ ਵਾਰੀ ਫਿਰ ਜਾਗਰੂਕ ਕਰਨ ਲਈ ਤੇ ਲੋਕਾਂ ਨੂੰ ਇੱਕਠ ਨਾ ਕਰਨ ਦੀ ਸਲਾਹ ਦੇਣ ਲਈ ਐਨਫੋਰਸਮੈਂਟ ਟੀਮਾਂ ਨੂੰ ਭੇਜਿਆ ਗਿਆ। ਅਜੇ ਆਊਟਡੋਰ ਵਿੱਚ ਸਿਰਫ ਪੰਜ ਲੋਕ ਹੀ ਇੱਕਠੇ ਹੋ ਸਕਦੇ ਹਨ। ਸਿਟੀ ਆਫ ਟੋਰਾਂਟੋ ਦੇ ਬੁਲਾਰੇ ਬ੍ਰੈਡ ਰੌਸ ਨੇ ਆਖਿਆ ਕਿ ਸਾਨੂੰ ਆਪਣੇ ਹਿੱਸੇ ਦੀ ਜ਼ਿੰਮੇਵਾਰੀ ਨਿਭਾਉਣੀ ਹੀ ਹੋਵੇਗੀ ਤਾਂ ਕਿ ਅਸੀਂ ਮਹਾਂਮਾਰੀ ਨੂੰ ਖ਼ਤਮ ਕਰ ਸਕੀਏ।

ਪਿਛਲੇ ਹਫਤੇ ਇੱਕ ਰਲੀਜ਼ ਵਿੱਚ ਸਿਟੀ ਆਫ ਟੋਰਾਂਟੋ ਨੇ ਆਖਿਆ ਸੀ ਕਿ ਸਥਾਨਕ ਵਾਸੀਆਂ ਨੂੰ ਸਿਟੀ ਪਾਰਕ, ਸਟਰੀਟ, ਪਾਰਕਿੰਗ ਲੌਟ ਜਾਂ ਹੋਰਨਾਂ ਪ੍ਰਾਈਵੇਟ ਪ੍ਰਾਪਰਟੀਜ਼ ਉੱਤੇ ਪਟਾਕੇ ਚਲਾਉਣ ਜਾਂ ਆਤਿਸ਼ਬਾਜ਼ੀ ਕਰਨ ਤੋਂ ਮਨ੍ਹਾਂ ਕੀਤਾ ਗਿਆ ਸੀ।

# ਟੋਰਾਂਟੋ ਪੁਲਿਸ ਨੇ 28 ਸਾਲਾ ਵਿਅਕਤੀ ਨੂੰ ਮਾਰੀ ਗੋਲੀ, ਵਿਅਕਤੀ ਦੀ ਹੋਈ ਮੌਤ




ਟੋਰਾਂਟੋ, 27 ਮਈ (ਪੋਸਟ ਬਿਊਰੋ) : ਪ੍ਰੋਵਿੰਸ ਦੇ ਪੁਲਿਸ ਵਾਚਡੌਗ ਦਾ ਕਹਿਣਾ ਹੈ ਕਿ ਸੰਕਟ ਵਿੱਚ ਫਸੇ ਇੱਕ 28 ਸਾਲਾ ਵਿਅਕਤੀ ਨੂੰ ਪੁਲਿਸ ਨੇ ਗੋਲੀ ਮਾਰ ਕੇ ਮਾਰ ਮੁਕਾਇਆ। ਸ਼ਨਿੱਚਰਵਾਰ ਨੂੰ ਮਿੱਡਟਾਊਨ ਵਿੱਚ ਇੱਕ ਰਿਹਾਇਸ਼ੀ ਬਿਲਡਿੰਗ ਵਿੱਚ ਸੱਭ ਤੋਂ ਪਹਿਲਾਂ ਇੱਕ ਪੁਲਿਸ ਅਧਿਕਾਰੀ ਉੱਤੇ ਇਸ ਵਿਅਕਤੀ ਨੇ ਚਾਕੂ ਨਾਲ ਵਾਰ ਕੀਤਾ, ਜਿਸ ਤੋਂ ਬਾਅਦ ਪੁਲਿਸ ਵੱਲੋਂ ਉਸ ਉੱਤੇ ਗੋਲੀ ਚਲਾਈ ਗਈ।

ਇਹ ਘਟਨਾ ਰਾਤੀਂ 8:30 ਵਜੇ ਯੰਗ ਸਟਰੀਟ ਤੇ ਡੈਵਿਸਵਿੱਲ ਐਵਨਿਊ ਨੇੜੇ ਕੌਂਡੋ ਇਮਾਰਤ ਵਿੱਚ ਵਾਪਰੀ। ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ (ਐਸਆਈਯੂ) ਅਨੁਸਾਰ ਪੈਰਾਮੈਡਿਕਸ ਵੱਲੋਂ ਪੁਲਿਸ ਨੂੰ ਸੰਪਰਕ ਕਰਕੇ ਦੱਸਿਆ ਗਿਆ ਕਿ ਇੱਕ ਵਿਅਕਤੀ ਮਾਨਸਿਕ ਤੌਰ ਉੱਤੇ ਪਰੇਸ਼ਾਨ ਹੈ ਤੇ ਉਨ੍ਹਾਂ ਨੂੰ ਮਦਦ ਦੀ ਲੋੜ ਹੈ। ਮਦਦ ਲਈ ਪਹੁੰਚੇ ਪੁਲਿਸ ਅਧਿਕਾਰੀ ਤੀਜੀ ਮੰਜ਼ਿਲ ਉੱਤੇ ਪਹੁੰਚੇ ਤੇ ਉੱਥੇ ਉਨ੍ਹਾਂ ਨੂੰ ਹਾਲਵੇਅ ਵਿੱਚ ਇੱਕ ਵਿਅਕਤੀ ਹੱਥ ਵਿੱਚ ਚਾਕੂ ਲਈ ਮਿਲਿਆ। ਇਹ ਜਾਣਕਾਰੀ ਐਤਵਾਰ ਨੂੰ ਜਾਰੀ ਕੀਤੀ ਗਈ ਇੱਕ ਨਿਊਜ਼ ਰਲੀਜ਼ ਵਿੱਚ ਐਸ ਆਈ ਯੂ ਨੇ ਦਿੱਤੀ।

ਐਸ ਆਈ ਯੂ ਨੇ ਦੱਸਿਆ ਕਿ ਉਸ ਵਿਅਕਤੀ ਨੇ ਇੱਕ ਪੁਲਿਸ ਅਧਿਕਾਰੀ ਉੱਤੇ ਚਾਕੂ ਨਾਲ ਵਾਰ ਕਰਨਾ ਸ਼ੁਰੂ ਕਰ ਦਿੱਤਾ ਤੇ ਉਸ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਵਿੱਚ ਦੋ ਅਧਿਕਾਰੀਆਂ ਨੇ ਆਪਣੇ ਐਨਰਜੀ ਹਥਿਆਰਾਂ ਦੀ ਵਰਤੋਂ ਵੀ ਕੀਤੀ। ਜਦੋਂ ਉਨ੍ਹਾਂ ਦਾ ਵੀ ਅਸਰ ਉਸ ਵਿਅਕਤੀ ਉੱਤੇ ਨਹੀਂ ਹੋਇਆ ਤਾਂ ਇੱਕ ਪੁਲਿਸ ਅਧਿਕਾਰੀ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਫੌਰਨ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਇਸ ਵਿਅਕਤੀ ਦੀ ਸ਼ਨਾਖ਼ਤ ਅਜੇ ਜਨਤਕ ਨਹੀਂ ਕੀਤੀ ਗਈ ਹੈ।

ਜਿਹੜਾ ਪੁਲਿਸ ਅਧਿਕਾਰੀ ਛੁਰੇਬਾਜ਼ੀ ਕਾਰਨ ਜ਼ਖ਼ਮੀ ਹੋਇਆ ਸੀ ਉਸ ਨੂੰ ਵੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਤੇ ਉਸ ਨਾਲ ਉਹ ਪੁਲਿਸ ਅਧਿਕਾਰੀ ਵੀ ਪਹੁੰਚੇ ਜਿਹੜੇ ਉਸ ਦੇ ਨਾਲ ਹੀ ਮੌਕੇ ਉੱਤੇ ਗਏ ਸਨ। ਟੋਰਾਂਟੋ ਪੁਲਿਸ ਨੇ ਪਹਿਲਾਂ ਦੱਸਿਆ ਸੀ ਕਿ ਪਹਿਲਾਂ 911 ਉੱਤੇ ਉਸ ਵਿਅਕਤੀ ਦੇ ਪਰਿਵਾਰ ਵੱਲੋਂ ਹੀ ਕਾਲ ਕੀਤੀ ਗਈ ਸੀ। ਇਸ ਮਾਮਲੇ ਦੀ ਜਾਂਚ ਲਈ ਤਿੰਨ ਜਾਂਚਕਾਰ ਤੇ ਤਿੰਨ

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding

SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## ਅੱਜ ਨਾਮਾ

ਕਰੀਏ ਫੋਨ ਤਾਂ ਜਾਂਦੀ ਨਹੀਂ ਰਿੰਗ ਅੱਗੇ,
ਮਿਲਦੀ ਸੁਣਨ ਨੂੰ ਬੱਸ ਹਦਾਇਤ ਬੇਲੀ।
ਆਪਣੇ-ਓਪਰੇ ਸਭਨਾਂ ਤੋਂ ਦੂਰ ਰਹਿਣਾ,
ਜਾਣੋ ਇਹਦੀ ਹੈ ਲੋੜ ਨਿਹਾਇਤ ਬੇਲੀ।
ਕਹੇ ਸਰਕਾਰ ਕਿ ਟੀਕਾ ਲਗਵਾਉ ਭਾਈ,
ਕਰਿਓ ਏਹਦੀ ਵੀ ਸਭ ਹਮਾਇਤ ਬੇਲੀ।
ਕਰੋ ਨਹੀਂ ਦੇਰ ਤੇ ਕੰਮ ਨਿਪਟਾਓ ਛੇਤੀ,
ਕਰਦੇ ਰਿਹੋ ਨਾ ਪਿੱਛੋਂ ਸ਼ਿਕਾਇਤ ਬੇਲੀ।
ਹਸਪਤਾਲ ਵਿੱਚ ਜਾਓ ਤਾਂ ਕਹਿਣ ਸਾਰੇ,
ਵੈਕਸੀਨ ਪੁੱਜਣ ਦੀ ਅਜੇ ਉਡੀਕ ਬੇਲੀ।
ਗੱਲੀਂ-ਬਾਤੀਂ ਆ ਕੰਮ ਸਰਕਾਰ ਕਰਦੀ,
ਸਕਦੀ ਵੇਖ ਆਹ ਨਜ਼ਰ ਬਰੀਕ ਬੇਲੀ।

**ਤੀਸ ਮਾਰ ਖਾਂ**

# ਕੈਪਟਨ ਅਮਰਿੰਦਰ ਵਲੋਂ ਵਿਧਾਨ ਸਭਾ ਚੋਣਾਂ ਲਈ 'ਮਿਸ਼ਨ 2022' ਮੁਤਾਬਕ ਕੰਮ ਸ਼ੁਰੂ

### * ਵਿਧਾਇਕਾਂ ਨੂੰ ਪਹਿਲੀ ਕਿਸ਼ਤ ਵਿੱਚ 13-13 ਕਰੋੜ ਅਲਾਟ

ਚੰਡੀਗੜ੍ਹ, 27 ਮਈ, (ਪੋਸਟ ਬਿਊਰੋ)- ਪੰਜਾਬਵਿੱਚਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਲਈ 'ਮਿਸ਼ਨ 2022' ਦੀ ਰਾਜਸੀ ਯੋਜਨਾ ਮੁਤਾਬਕ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਯੋਜਨਾ ਤਹਿਤ ਅੱਜ ਉਨ੍ਹਾਂ ਨੇ ਕਾਂਗਰਸ ਵਿਧਾਇਕਾਂ ਨੂੰ ਪਹਿਲੀ ਕਿਸ਼ਤ ਵਿੱਚ 13-13 ਕਰੋੜ ਰੁਪਏ ਦੀ ਗਰਾਂਟ ਰਿਲੀਜ਼ ਕੀਤੀ ਹੈ।ਮੁੱਖ ਮੰਤਰੀ ਦੇ ਨੇੜਲੇ ਸੂਤਰਾਂਮੁਤਾਬਕ ਗਰਾਂਟ ਰਿਲੀਜ਼ ਹੋਣ ਦੀ ਸੂਚਨਾ ਵਿਧਾਇਕਾਂ ਨੂੰ ਮਿਲ ਗਈ ਹੈ।



ਪਤਾ ਲੱਗਾ ਹੈ ਕਿ ਇਨ੍ਹਾਂ ਵਿਧਾਇਕਾਂ ਨੂੰ ਕਿਹਾ ਗਿਆ ਹੈ ਕਿ ਉਹ ਆਪੋ-ਆਪਣੇ ਹਲਕੇ ਵਿੱਚ ਆਪਣੀ ਮਰਜ਼ੀ ਦੇ ਮੁਤਾਬਕ ਵਿਕਾਸ ਪ੍ਰਾਜੈਕਟਾਂ ਉੱਤੇਨਗਰ ਨਿਗਮਾਂ ਜਾਂ ਇੰਪਰੂਵਮੈਂਟ ਟਰੱਸਟਾਂ ਜਾਂ ਹੋਰ ਸਰਕਾਰੀ ਵਿਭਾਗ ਤੋਂ ਕੰਮ ਕਰਵਾ ਸਕਦੇ ਹਨ। ਦੱਸਿਆ ਜਾ ਰਿਹਾ ਹੈ ਕਿਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਦੂਸਰੇ ਪੜਾਅ ਵਿੱਚ ਕਾਂਗਰਸ ਵਿਧਾਇਕਾਂ ਨੂੰ ਇੰਨੀ ਰਾਸ਼ੀ ਹੋਰ ਮਿਲੇਗੀ। ਪਹਿਲਾਂ ਕਿਹਾ ਸੀ ਕਿ ਮਾਨਸੂਨ ਦਾ ਸਮਾਂ ਸ਼ੁਰੂ ਹੋਣ ਤੋਂ ਪਹਿਲਾਂ ਵਿਧਾਇਕ ਇਨ੍ਹਾਂ ਕੰਮਾਂ ਲਈ ਟੈਂਡਰ ਲਵਾ ਕੇ ਕੰਮ ਸ਼ੁਰੂ ਕਰਵਾ ਦੇਣ, ਬਾਅਦ ਵਿੱਚ ਇਹ ਕੰਮ ਲੇਟ ਹੋ ਗਿਆ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਇਕਾਂ ਨੂੰ ਗਰਾਂਟ ਰਿਲੀਜ਼ ਕਰ ਕੇ ਇਕ ਤਰ੍ਹਾਂ ਉਨ੍ਹਾਂ ਨੂੰ ਆਪਣੇ ਨਾਲ ਜੋੜਨ ਦਾ ਕੰਮ ਵੀ ਕੀਤਾ ਹੈ।ਇਸ ਤਰ੍ਹਾਂ ਉਨ੍ਹਾਂ ਨੇ ਪਿਛਲੇ ਦਿਨਾਂ ਤੋਂ ਨਵਜੋਤ ਸਿੰਘ ਸਿੱਧੂਵੱਲੋਂ ਚਲਾਈ ਗਈ ਮੁਹਿੰਮ ਨੂੰ ਵੀ ਝਟਕਾ ਦਿੱਤਾ ਹੈ, ਜੋ ਦਾਅਵਾ ਕਰਦੇ ਸਨ ਕਿ ਪੰਜਾਬ ਦੇਕਾਂਗਰਸੀ ਵਿਧਾਇਕ ਆਪਣੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਨਾਰਾਜ ਹਨ।

# ਪੰਜਾਬ ਵਿੱਚ ਕੋਵਿਡ ਦੀ ਮਾਰ ਦੌਰਾਨ ਅੰਤਿਮ ਸਸਕਾਰਾਂ ਲਈ ਲੱਕੜਾਂ ਦੀ ਘਾਟ

### * ਸੁੱਕੇ ਰੁੱਖਾਂ ਦੀ ਫੌਰਨ ਕਟਾਈ ਦੇ ਹੁਕਮ ਜਾਰੀ

ਚੰਡੀਗੜ੍ਹ, 27 ਮਈ, (ਪੋਸਟ ਬਿਊਰੋ)- ਪੰਜਾਬ ਵਿਚਕੋਵਿਡ-19 ਨਾਲ ਹੁੰਦੀਆਂ ਮੌਤਾਂ ਕਾਰਨ ਅੰਤਮ ਸੰਸਕਾਰ ਲਈ ਲਕੜੀ ਦੀ ਘਾਟ ਹੋ ਗਈ ਹੈ। ਇਸ ਨੂੰ ਵੇਖ ਕੇ ਵਣ ਵਿਭਾਗ ਨੇ ਪੰਜਾਬ ਦੇ ਸਾਰੇ ਵਣ ਮੰਡਲ ਅਫ਼ਸਰਾਂ ਨੂੰ ਛੇਤੀ ਤੋਂ ਛੇਤੀ ਰੁੱਖਾਂ ਦੀ ਕਟਾਈ ਦੇ ਹੁਕਮ ਜਾਰੀ ਕੀਤੇ ਹਨ ਤੇ ਫਾਰੈਸਟ ਕਾਰਪੋਰੇਸ਼ਨ ਨੂੰ ਹੁਕਮ ਦਿੱਤਾ ਹੈ ਕਿ ਉਹ ਸੁੱਕੇ ਜਾਂ ਡਿੱਗੇ ਹੋਏ ਰੁੱਖਾਂ ਦਾ ਕਬਜ਼ਾ ਲੈਣ ਲਈ ਤਤਕਾਲ ਆਪਣੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰਨ।



ਇਸ ਬਾਰੇ ਚੀਫ ਫਾਰੈਸਟ ਕੰਜ਼ਰਵੇਟਰ ਨੇ ਅੱਜ 27 ਮਈ ਨੂੰ ਹੁਕਮ ਜਾਰੀ ਕਰ ਕੇ ਕਿਹਾ ਹੈ ਕਿ ਪੰਜਾਬ ਸਰਕਾਰ ਸਮਝਦੀ ਹੈ ਕਿ ਕੋਵਿਡ-19 ਨਾਲ ਹੁੰਦੀਆਂ ਮੌਤਾਂ ਦੇ ਸਸਕਾਰ ਕਰਨ ਲਈ ਲੱਕੜੀ ਦੀ ਲੋੜ ਹੈ। ਇਸ ਬਾਰੇ ਵਣ ਮੰਡਲ ਅਫ਼ਸਰਾਂ ਨਾਲ 21 ਮਈ ਦੀ ਉਚ ਪੱਧਰੀ ਬੈਠਕ ਵਿਚ ਨਿਰਦੇਸ਼ ਦਿੱਤੇ ਸਨ ਕਿ ਪੈਂਡਿੰਗ ਲਾਟ ਕਾਰਪੋਰੇਸ਼ਨ ਵਿਚ ਬਦਲ ਦਿੱਤਾ ਜਾਵੇ ਤਾਂ ਕਿ ਰੁੱਖਾਂ ਦੀ ਛੇਤੀ ਕਟਾਈ ਹੋ ਸਕੇ। 27 ਮਈ ਦੇ ਹੁਕਮ ਵਿਚ ਵਣ ਮੰਡਲ ਅਫ਼ਸਰਾਂ ਨੂੰ ਕਿਹਾ ਗਿਆ ਹੈ ਕਿ ਪਿਛਲੇ ਕਈ ਸਾਲਾਂ ਵਿਚ ਜਿਨ੍ਹਾਂ ਸੁੱਕੇ ਰੁੱਖਾਂ ਦੀ ਕਟਾਈ ਨਹੀਂ ਹੋ ਸਕੀ, ਉਨ੍ਹਾਂ ਦੀ ਤੁਰੰਤ ਕਟਾਈ ਕੀਤੀ ਜਾਵੇਤੇ ਜੇ ਵਣ ਮੰਡਲ ਅਫ਼ਸਰਾਂ ਨੇ ਸੁੱਕੇਰੁੱਖਾਂ ਦੀ ਕਟਾਈ ਨਾ ਕਰਾਈ ਤਾਂ ਉਨ੍ਹਾਂਖਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

# ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਵਿਰੁੱਧ ਕੇਸਾਂ ਬਾਰੇ ਹਰ ਜ਼ਿਲੇ ਵਿੱਚ ਸਪੈਸ਼ਲ ਕੋਰਟਾਂ ਬਣਨ ਲੱਗੀਆਂ

ਚੰਡੀਗੜ੍ਹ, 27 ਮਈ, (ਪੋਸਟ ਬਿਊਰੋ)- ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿਚਲੇ ਉਨ੍ਹਾਂ ਸਾਰੇਮੌਜੂਦਾ ਅਤੇ ਸਾਬਕਾ ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਵਿਰੁੱਧ ਅਪਰਾਧਿਕ ਕੇਸ ਵਿਸ਼ੇਸ਼ ਅਦਾਲਤਾਂ ਵਿੱਚ ਚੱਲਣਗੇ।

ਮਿਲੀ ਜਾਣਕਾਰੀ ਮੁਤਾਬਕ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਚੁਣੇ ਹੋਏ ਆਗੂਆਂ ਖਿਲਾਫ ਅਜੇ ਤੱਕ ਪੈਂਡਿੰਗਕੇਸਾਂ ਦੇ ਨਿਪਟਾਰੇ ਲਈ ਹਰ ਜ਼ਿਲ੍ਹੇ ਵਿਚ ਸਪੈਸ਼ਲ ਕੋਰਟ ਬਣਾ ਕੇ ਸੁਣਵਾਈ ਸ਼ੁਰੂ ਕਰਨ ਦੇ ਹੁਕਮ ਦਿੱਤੇ ਹਨ।ਮੌਜੂਦਾ ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂ ਉੱਤੇ ਦਰਜ ਕੇਸਾਂ ਦੀ ਸੁਣਵਾਈ ਪਹਿਲਾਂ ਹੋਵੇਗੀ। ਹਾਈ ਕੋਰਟ ਨੇ ਫਾਰੈਂਸਿਕ ਲੈਬਜ਼ ਨੂੰ ਇਨ੍ਹਾਂ ਕੇਸਾਂ ਦੀ ਜਾਂਚ ਰਿਪੋਰਟਾਂ, ਜਿਹੜੀਆਂ ਪੈਂਡਿੰਗ ਹਨ, ਇੱਕ ਮਹੀਨੇ ਵਿੱਚ ਬਣਾਉਣ ਤੇ ਸਬੰਧਤ ਜ਼ਿਲਾ ਅਦਾਲਤਾਂ ਨੂੰ ਜਮ੍ਹਾ ਕਰਾਉਣ ਲਈ ਕਿਹਾ ਹੈ। ਇਹੀ ਨਹੀਂ, ਕੋਈ ਵੀ ਸਪੈਸ਼ਲ ਕੋਰਟ ਕਿਸੇ ਕੇਸ ਦੀ ਸੁਣਵਾਈ ਕਿਸੇ ਮਜਬੂਰੀ ਜਾਂ ਯੋਗ ਕਾਰਨ ਤੋਂ ਬਿਨਾਂ ਅੱਗੇ ਨਹੀਂ ਪਾਵੇਗੀ। ਰਾਜ ਸਰਕਾਰਾਂ ਨੂੰ ਹੁਕਮ ਦਿੱਤੇ ਗਏ ਹਨ ਕਿ ਇਨ੍ਹਾਂ ਕੇਸਾਂ ਨੂੰ ਚਲਾਉਣ ਦਾ ਜ਼ਰੂਰੀ ਨੋਟੀਫਿਕੇਸ਼ਨ ਵੀ ਹਾਈ ਕੋਰਟ ਦੇ ਨਿਰਦੇਸ਼ ਦੇ ਦੋ ਹਫ਼ਤਿਆਂ ਅੰਦਰ ਜਾਰੀ ਕਰਨ।

ਹਰਿਆਣਾ ਸਕਰਾਰ ਦੇ ਵਕੀਲ ਨੇ ਹਾਈ ਕੋਰਟ ਨੂੰ ਇਹੋ ਜਿਹੇ ਕੇਸਾਂ ਦੀ ਨਵੀਂ ਸੂਚੀ ਦਿੱਤੀ ਹੈ, ਜਿਸ ਵਿਚ ਰਾਜ ਦੇ 21 ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂਖਿਲਾਫ ਅਪਰਾਧਿਕ ਕੇਸ ਦਰਜ ਮੰਨੇ ਹਨ, ਪਰ 21 ਕੇਸਚੱਲਦੇ ਹਨ, ਜਦ ਕਿ ਕੁਲ ਕੇਸ 68 ਹਨ, ਜਿਨ੍ਹਾਂ ਵਿਚੋਂ 34 ਸਾਬਕਾ ਅਤੇ ਇੰਨੇ ਹੀ ਮੌਜੂਦਾਪਾਰਲੀਮੈਂਟ ਮੈਂਬਰ ਤੇ ਵਿਧਾਇਕ ਸ਼ਾਮਲ ਹਨ, ਪਰ 44 ਕੇਸਾਂ ਵਿਚ ਹਾਲੇ ਜਾਂਚ ਚੱਲਦੀ ਹੈ ਤੇ 3 ਕੇਸ ਸੀ ਬੀ ਆਈ ਕੋਲ ਹਨ।ਹਾਈ ਕੋਰਟ ਨੇ ਅੰਤਰਿਮ ਹੁਕਮਾਂ ਵਿਚਕਿਹਾ ਹੈ ਕਿਕੋ-ਰਟ ਖੁਦ ਪੈਂਡਿੰਗਕੇਸਾਂ ਨੂੰ ਜ਼ਿਲਾਵਾਰ ਸਪੈਸ਼ਲ ਸੈਸ਼ਨ ਕੋਰਟ ਨੂੰ ਭੇਜੇਗੀ, ਜਿਸ ਲਈ 4 ਹਫ਼ਤੇ ਸਮਾਂ ਤੈਅ ਕੀਤਾ ਹੈ। ਕੋਰਟ ਨੇ ਕਿਹਾ ਕਿ ਜਿਨ੍ਹਾਂ ਕੇਸਾਂ ਵਿਚ ਉਮਰਕੈਦ ਜਾਂ 7 ਸਾਲ ਤੋਂ ਵੱਧ ਸਜ਼ਾ ਹੁੰਦੀ ਹੈ, ਉਨ੍ਹਾਂ ਦੀ ਸੁਣਵਾਈ ਪਹਿਲਾਂਹੋਵੇਗੀ ਤੇਮੌਜੂਦਾ ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂ ਖਿਲਾਫ ਦਰਜ ਕੇਸ ਵੀ ਪਹਿਲਾਂ ਸੁਣੇ ਜਾਣਗੇ।




ਵਰਨਣ ਯੋਗ ਹੈ ਕਿ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਆਪੋ-ਆਪਣੇ ਸਾਬਕਾ ਅਤੇ ਮੌਜੂਦਾਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂਵਿਰੁੱਧ ਪੈਂਡਿੰਗ ਕੇਸਾਂਬਾਰੇ ਪਹਿਲਾਂ ਹੀ ਦੱਸ ਚੁੱਕੇ ਹਨ।ਅੱਜ ਵੀਰਵਾਰ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਹਾਈ ਕੋਰਟ ਨੂੰ ਦੱਸਿਆ ਕਿ ਉਨ੍ਹਾਂ ਕੋਲ ਸਾਬਕਾ ਤੇ ਮੌਜੂਦਾਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਦੇ ਵਿਰੁੱਧ ਸਿਰਫ 4 ਕੇਸ ਹਨ, ਜਿਨ੍ਹਾਂ ਵਿੱਚੋਂ ਦੋ ਕੇਸ ਪੰਜਾਬ ਦੇ ਸਾਬਕਾ ਵਿਧਾਇਕਾਂ ਅਵਿਨਾਸ਼ ਚੰਦਰ ਤੇ ਸਰਵਣ ਸਿੰਘ ਫਿਲੌਰ ਦੇ ਪੈਂਡਿੰਗ ਹਨ। ਇਨ੍ਹਾਂ ਦੋਵਾਂ ਦੀ ਚਾਰਜਸ਼ੀਟ ਪੇਸ਼ ਹੋ ਚੁੱਕੀ ਤੇ ਗਵਾਹਾਂ ਦੇ ਬਿਆਨ ਹੋ ਚੁੱਕੇ ਹਨ। ਸੁਪਰੀਮ ਕੋਰਟ ਨੇ ਇਨ੍ਹਾਂ ਦੋਵਾਂ ਕੇਸਾਂ ਉੱਤੇ ਰੋਕ ਲਾਈ ਹੈ। ਇਨ੍ਹਾਂ ਤੋਂ ਬਿਨਾ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਉੱਤੇ ਦੋ ਕੇਸ ਹਨਤੇ ਦੋਵਾਂ ਦਾ ਚਾਰਜ ਫ੍ਰੇਮ ਹੋਣ ਵਾਲਾ ਹੈ।ਸੀ ਬੀ ਆਈ ਨੇ ਇਸ ਬਾਰੇ ਦੱਸਣ ਲਈ ਸਮਾਂ ਮੰਗਿਆ ਹੈ। ਸੁਣਵਾਈ ਦੌਰਾਨ ਹਰਿਆਣਾ ਨੇ ਕਿਹਾ ਕਿ ਉਨ੍ਹਾਂ ਦੇ 68 ਸਾਬਕਾ ਤੇ ਮੌਜੂਦਾਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਵਿਰੁੱਧ ਕੇਸ ਹਨ। ਇਨ੍ਹਾਂ ਵਿੱਚੋਂ 21 ਕੇਸਾਂਦੀਸੁਣਵਾਈ ਚੱਲਰਹੀ ਹੈ ਅਤੇ 44 ਦੀ ਅਜੇ ਜਾਂਚ ਚੱਲਦੀ ਹੈ। ਤਿੰਨ ਕੇਸ ਸੀ ਬੀ ਆਈ ਨੂੰ ਭੇਜੇ ਗਏ ਹਨ। ਇਨ੍ਹਾਂ ਵਿਚੋਂ ਦੋ ਕੇਸ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾਖਿਲਾਫਤੇਇਕ ਸਾਬਕਾ ਵਿਧਾਇਕਾਂ ਜਿਲ੍ਹਾ ਰਾਮ ਸ਼ਰਮਾ ਅਤੇ ਓਮ ਪ੍ਰਕਾਸ਼ ਜੈਨ ਦੇਖਿਲਾਫਹਨ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਵਿਚਅਸ਼ਵਨੀ ਉਪਾਧਿਆਏ ਬਨਾਮ ਕੇਂਦਰ ਸਰਕਾਰ ਦੇ ਕੇਸਵਿੱਚ ਸੁਪਰੀਮ ਕੋਰਟ ਨੇ ਭਾਰਤ ਦੇ ਸਾਰੇ ਰਾਜਾਂ ਦੀਆਂ ਹਾਈ ਕੋਰਟਾਂ ਨੂੰ ਕਿਹਾ ਸੀ ਕਿ ਉਨ੍ਹਾਂ ਨੂੰ ਆਪਣੇ ਰਾਜਾਂ ਦੇਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਖਿਲਾਫ ਚੱਲ ਰਹੇ ਕੇਸਾਂ ਬਾਰੇ ਪਤਾ ਹੋਣਾ ਚਾਹੀਦਾ ਹੈ।

# ਲਾਲ ਕਿਲ੍ਹਾ ਕੇਸ: ਦਿੱਲੀ ਪੁਲਸ ਮੁਤਾਬਕ ਕਿਲ੍ਹੇ ਉੱਪਰ ਕਬਜ਼ਾ ਕਰ ਕੇ ਪ੍ਰਦਰਸ਼ਨ ਅਖਾੜਾ ਬਣਾਉਣ ਦੀ ਸਾਜਿਸ਼ ਸੀ

### * ਅਦਾਲਤ ਵਿੱਚ ਪੇਸ਼ ਚਾਰਜਸ਼ੀਟ ਵਿੱਚ ਕਈ ਖੁਲਾਸੇ

ਨਵੀਂ ਦਿੱਲੀ, 27 ਮਈ, (ਪੋਸਟ ਬਿਊਰੋ)- ਕਿਸਾਨਾਂ ਦੇ ਅੰਦੋਲਨ ਦੇ ਦੌਰਾਨ ਬੀਤੀ 26 ਜਨਵਰੀ ਨੂੰ ਦਿੱਲੀ ਵਿੱਚਹੋਈ ਹਿੰਸਾਬਾਰੇਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਨੇ ਕੁਝ ਦਿਨ ਪਹਿਲਾਂਅਦਾਲਤ ਵਿੱਚ ਪੇਸ਼ ਕੀਤੀ ਚਾਰਜਸ਼ੀਟਵਿੱਚ ਕਈ ਖੁਲਾਸੇ ਕੀਤੇ ਹਨ।ਪਤਾ ਲੱਗਾ ਹੈ ਕਿ ਕਿਸਾਨੀ ਸੰਘਰਸ਼ਬਹਾਨੇਕੁਝ ਲੋਕ ਉਸ ਦਿਨ ਲਾਲ ਕਿਲ੍ਹੇ ਨੂੰ ਸਿੰਘੂ ਬਾਰਡਰ ਤੇਟਿੱਕਰੀ ਬਾਰਡਰ ਵਰਗਾ ਪ੍ਰਦਰਸ਼ਨ ਅੱਡਾ ਬਣਾਉਣ ਬਾਰੇ ਸੋਚ ਕੇ ਚੱਲੇ ਸਨ। ਇਹ ਚਾਰਜਸ਼ੀਟ ਕੇਸ ਦੇ ਕਈ ਦਰਜਨ ਦੋਸ਼ੀਆਂ ਦੀ ਗ੍ਰਿਫਤਾਰੀ ਅਤੇ ਦਰਜ ਕੀਤੇ ਬਿਆਨਾਂ ਅਤੇ ਸਬੂਤਾਂ ਮੁਤਾਬਕ ਤਿਆਰ ਕੀਤੀ ਦੱਸੀ ਗਈ ਹੈ।

ਵਰਨਣ ਯੋਗ ਹੈ ਕਿ ਬੀਤੀ 26 ਜਨਵਰੀ ਨੂੰ ਰਾਜਧਾਨੀ ਦਿੱਲੀਵਿੱਚ ਲਾਲ ਕਿਲ੍ਹੇ ਦੇ ਅੰਦਰ ਅਤੇ ਬਾਹਰ ਸਥਿਤੀਕੰਟਰੋਲ ਤੋਂ ਬਾਹਰ ਹੋ ਗਈ ਤੇਅੰਦੋਲਨ ਦੀ ਆੜ ਵਿੱਚਦੇਸ਼ ਦੀ ਸੱਤਾ ਦਾ ਪ੍ਰਤੀਕ ਲਾਲ ਕਿਲ੍ਹੇ ਵਿਖੇ ਲੱਗੇ ਤਿਰੰਗੇ ਝੰਡੇ ਦੀ ਬੇਇੱਜ਼ਤੀ ਕੀਤੀ ਗਈ ਤੇ ਓਥੇ ਖਾਲਸੇ ਦਾ ਨਿਸ਼ਾਨ ਸਾਹਿਬ ਝੁਲਾ ਦਿੱਤਾ ਗਿਆ ਸੀ ਤੇ ਉਸੇ ਜਗ੍ਹਾ ਕਿਸਾਨ ਸੰਗਠਨ ਦਾ ਝੰਡਾ ਵੀ ਝੁਲਾਇਆ ਗਿਆ ਸੀ। ਇਸ ਕੇਸ ਵਿੱਚ ਬਹੁਤ ਸਾਰੇ ਲੋਕਾਂ ਨੂੰ ਦਿੱਲੀ ਪੁਲਿਸ ਨੇ ਫੜਿਆ ਸੀ ਤੇ ਕੁਝ ਦਿਨ ਪਹਿਲਾਂ ਅਦਾਲਤ ਨੂੰਪੇਸ਼ਚਾਰਜਸ਼ੀਟ ਵਿੱਚ ਹੈਰਾਨੀਭਰਿਆਖੁਲਾਸਾ ਕੀਤਾ ਹੈ ਕਿ ਇਹ ਇਕ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਸੀ। ਦਿੱਲੀ ਪੁਲਸ ਕ੍ਰਾਈਮ ਬ੍ਰਾਂਚ ਦੇ ਸੂਤਰਾਂ ਅਨੁਸਾਰ 26 ਜਨਵਰੀ ਦੇ ਮਾਰਚ ਦੌਰਾਨ ਬਜ਼ੁਰਗਾਂ ਨੂੰ ਅੱਗੇ ਰੱਖਣ ਦੀ ਯੋਜਨਾ ਸੀ ਤਾਂ ਕਿ ਪੁਲਿਸ ਉਨ੍ਹਾਂ ਉੱਤੇ ਹੱਥ ਨਾ ਚੁੱਕ ਸਕੇ। ਇਸ ਮੌਕੇ ਪ੍ਰਦਰਸ਼ਨ ਕਰਦੇ ਨੌਜਵਾਨਾਂ ਨੂੰ ਮੋਬਾਈਲ ਫੋਨਤੇ ਸੋਸ਼ਲ ਮੀਡੀਆ ਰਾਹੀਂ ਲਾਈਵ ਦਿਖਾਉਣ ਦੀ ਸਕੀਮ ਬਣਾਈ ਗਈ, ਜਿਸ ਦਾ ਚਾਰਜਸ਼ੀਟ ਵਿੱਚਜ਼ਿਕਰ ਹੈ।

ਜਾਣਕਾਰ ਸੂਤਰਾਂ ਅਨੁਸਾਰ ਰੋਸ ਮਾਰਚ ਲਈ 26 ਜਨਵਰੀ ਦਾ ਦਿਨ ਵੀ ਸੋਚ ਕਿ ਮਿਥਿਆ ਗਿਆ ਸੀ, ਕਿਉਂਕਿ ਕਿਸਾਨ ਅੰਦੋਲਨ ਵਿਚਲੇ ਕੁਝ ਸਮਾਜ ਵਿਰੋਧੀ ਅਨਸਰ ਅਤੇ ਹਿੰਸਕ ਸੋਚ ਵਾਲੇ ਲੋਕ ਜਾਣਦੇ ਸਨ ਕਿ ਇਸ ਦਿਨਕੌਮੀ ਤਿਉਹਾਰ ਰਿਪਬਲਿਕ ਡੇਅਹੋਣ ਕਰ ਕੇ ਕੇਂਦਰ ਸਰਕਾਰ ਸੰਸਾਰ ਵਿਚ ਭੰਡੀ ਹੋਣ ਤੋਂ ਬਚਣਾ ਚਾਹੇਗੀ ਤੇ ਤਾਕਤ ਨਹੀਂ ਵਰਤੇਗੀ। ਜਾਂਚ ਟੀਮ ਦੇ ਅਨੁਸਾਰ 26 ਜਨਵਰੀ ਦਾਦਿਨ ਦੇਸ਼-ਵਿਦੇਸ਼ ਵਿੱਚ



ਸਰਕਾਰ ਦੇ ਮਾਣ ਨੂੰ ਠੇਸ ਲਾਉਣ ਵਾਸਤੇ ਚੁਣਿਆ ਗਿਆ ਸੀ। ਚਾਰਜਸ਼ੀਟ ਮੁਤਾਬਕ ਲਾਲ ਕਿਲ੍ਹੇ ਵਿਚ ਤਿਰੰਗਾ ਝੰਡੇ ਦੀ ਥਾਂਹੋਰ ਝੰਡਾ ਜਾਂ ਕਿਸਾਨੀ ਝੰਡਾ ਲਾਉਣ ਵਾਲੇ ਨੂੰ ਚੋਖਾ ਪੈਸਾ ਦੇਣ ਦਾ ਵਾਅਦਾ ਕੀਤਾ ਗਿਆ ਸੀ। ਇਸ ਦੇ ਲਈ ਦੇਸ਼ ਵਿਰੁੱਧ ਕੰਮ ਕਰਦੇ ਸਿੱਖਸ ਫਾਰ ਜਸਟਿਸ ਅਤੇ ਇਸ ਦੇ ਮੁਖੀ ਗੁਰ-ਪਤਵੰਤ ਸਿੰਘ ਪਨੂੰ ਨੇ ਕਰੋੜਾਂ ਰੁਪਏ ਦੇ ਇਨਾਮ ਦਾ ਐਲਾਨਿਆ ਸੀ। ਇਸ ਦੌਰਾਨ ਬਹੁਤ ਸਾਰੇ ਸਮਾਜ ਵਿਰੋਧੀ ਅਨਸਰ ਵੀ ਕਿਸਾਨ ਅੰਦੋਲਨ ਦੀਆਂ ਸਟੇਜਾਂ ਤੋਂ ਅਜਿਹੇ ਐਲਾਨ ਕਰਦੇ ਰਹੇ ਸਨ।

ਦਿੱਲੀ ਪੁਲਿਸ ਨੇ ਚਾਰਜਸ਼ੀਟ ਵਿੱਚਇੱਕਗ੍ਰਿਫ਼ਤਾਰ ਕੀਤੇ ਦੋਸ਼ੀ ਦੀ ਧੀ ਦੀ ਇੰਟਰਸਟੇਟ ਕਾਲ ਸ਼ਾਮਲ ਕੀਤੀ ਹੈ, ਜਿਸ ਵਿੱਚਉਹ ਕਹਿੰਦੀ ਹੈ ਕਿ ਉਸ ਦੇ ਪਿਤਾ ਨੂੰ 50 ਲੱਖ ਮਿਲੇ ਹਨ। ਇਸ ਲਈ ਕੇਸ ਦੀ ਗੰਭੀਰਤਾ ਕਾਰਨ ਸਾਰੇ ਸਬੂਤਲੱਭ ਕੇ ਚਾਰਜਸ਼ੀਟ ਵਿੱਚਪੇਸ਼ ਕੀਤੇ ਹਨ। ਚਾਰਜਸ਼ੀਟ ਦੇ ਮੁਤਾਬਕ 26 ਜਨਵਰੀ ਨੂੰ ਲਾਲ ਕਿਲ੍ਹੇ ਦੀ ਹਿੰਸਾ ਦੀ ਸਾਜਿਸ਼ ਨਵੰਬਰ/ ਦਸੰਬਰ 2020 ਵਿੱਚਰਚੀ ਗਈ ਸੀ, ਜਿਸ ਲਈ ਪੰਜਾਬ ਅਤੇ ਹਰਿਆਣਾ ਤੋਂ ਟਰੈਕਟਰ ਅਤੇ ਬਹੁਤ ਸਾਰਾ ਸਮਾਨ ਖਰੀਦਿਆ ਗਿਆ ਸੀ।ਦਿੱਲੀ ਪੁਲਿਸ ਨੇ ਪੰਜਾਬ ਵਿੱਚ ਟਰੈਕਟਰਾਂ ਦੀ ਇਸ ਦੌਰਾਨ ਵਧੀ ਖਰੀਦ ਦੇ ਅੰਕੜੇ ਵੀ ਦੱਸੇ ਹਨ, ਜਿਨ੍ਹਾਂਅਨੁਸਾਰ ਨਵੰਬਰ 2020 ਵਿੱਚ 43 ਫੀਸਦੀ ਟਰੈਕਟਰਾਂ ਦੀ ਖਰੀਦ ਹੋਈ ਸੀ, ਪਰ ਦਸੰਬਰ ਵਿੱਚ ਵਧ ਕੇ 94 ਫੀਸਦੀ ਹੋ ਗਈ। ਹਰਿਆਣਾ ਵਿੱਚ ਵੀ ਕਿਸਾਨ ਬਿੱਲ ਪੇਸ਼ ਹੋਣ ਪਿੱਛੋਂ ਟਰੈਕਟਰਸੇਲ ਵਧੀ ਸੀ। ਇਸ ਲਈਕੇਸ ਦੀ ਗੰਭੀਰਤਾ ਕਾਰਨਜਾਂਚ ਟੀਮ ਨੇ ਇਸ ਦੀ ਵਿਸਥਾਰ ਨਾਲ ਜਾਂਚ ਕੀਤੀ ਹੈ ਅਤੇ ਚਾਰਜਸ਼ੀਟ ਬਣਾਈ ਹੈ।

# ਖਹਿਰਾ ਦੀ ਕਾਂਗਰਸ 'ਚ ਜਲਦੀ ਵਾਪਸੀ ਦੇ ਚਰਚੇ

ਚੰਡੀਗੜ੍ਹ, 27 ਮਈ (ਪੋਸਟ ਬਿਊਰੋ)- ਪੰਜਾਬ ਏਕਤਾ ਪਾਰਟੀ ਦੇ ਮੁਖੀ ਤੇ ਆਮ ਆਦਮੀ ਪਾਰਟੀ ਦੇ ਬਾਗੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਕਾਂਗਰਸ ਵਿੱਚ ਵਾਪਸ ਜਾਣ ਦੀ ਚਰਚਾ ਹੈ। ਮੰਤਰੀਆਂ ਅਤੇ ਵਿਧਾਇਕਾਂ ਦੀ ਨਾਰਾਜ਼ਗੀ ਝੱਲ ਰਹੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਸੁਖਪਾਲ ਸਿੰਘ ਖਹਿਰਾ ਦੀ ਪਾਰਟੀ ਵਿੱਚ ਵਾਪਸੀ ਕਰਵਾ ਕੇ ਆਪਣੀ ਅਗਵਾਈ ਉੱਤੇ ਸਵਾਲ ਉਠਾਉਣ ਵਾਲੇ ਨਾਰਾਜ਼ ਨੇਤਾਵਾਂ ਨੂੰ ਸਪੱਸ਼ਟ ਸੰਕੇਤ ਦੇਣਾ ਚਾਹੁੰਦੇ ਹਨ। ਜਾਣਕਾਰੀ ਮੁਤਾਬਕ ਖਹਿਰਾ ਦੇ ਨਾਲ ਆਮ ਆਦਮੀ ਪਾਰਟੀ ਦੇ ਕੁਝ ਸੀਨੀਅਰ ਨੇਤਾ ਕਾਂਗਰਸ ਵਿੱਚ ਸ਼ਾਮਲ ਹੋ ਸਕਦੇ ਹਨ। ਇਸ ਪਾਰਟੀ ਦੇ ਭਰੋਸੇਮੰਦ ਸੂਤਰਾਂ ਮੁਤਾਬਕ ਸੁਖਪਾਲ ਸਿੰਘ ਖਹਿਰਾ ਆਮ ਆਦਮੀ ਪਾਰਟੀ ਦੇ ਕੁਝ ਵੱਡੇ ਨੇਤਾਵਾਂ ਨਾਲ ਕਾਂਗਰਸ ਵਿੱਚ ਵਾਪਸੀ ਕਰ ਸਕਦੇ ਹਨ। ਉਨ੍ਹਾਂ ਦੀ ਵਾਪਸੀ ਵਿੱਚ ਸਾਬਕਾ ਜਸਟਿਸ ਰਣਜੀਤ ਸਿੰਘ ਦੀ ਮਹੱਤਵ ਪੂਰਨ ਭੂਮਿਕਾ ਮੰਨੀ ਜਾ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਜਸਟਿਸ ਰਣਜੀਤ ਸਿੰਘ ਨੂੰ ਬੇਅਦਬੀ ਅਤੇ ਗੋਲੀਕਾਂਡ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਬਣਾਏ ਕਮਿਸ਼ਨ ਦਾ ਚੇਅਰਮੈਨ ਬਣਾਇਆ ਸੀ ਤੇ ਉਹ ਸੁਖਪਾਲ ਸਿੰਘ ਖਹਿਰਾ ਦੇ ਰਿਸ਼ਤੇਦਾਰ ਹਨ। ਦੱਸਿਆ ਗਿਆ ਹੈ ਕਿ ਸੁਖਪਾਲ ਸਿੰਘ ਖਹਿਰਾ ਦੀ ਕਾਂਗਰਸ ਪਾਰਟੀ ਵਿੱਚ ਵਾਪਸੀ ਕਾਫੀ ਪਹਿਲਾਂ ਹੋ ਜਾਣੀ ਸੀ, ਪਰ ਉਨ੍ਹਾਂ ਦੇ ਖਿਲਾਫ ਇਨਫੋਰਸਮੈਂਟ ਡਾਇਰੈਕਟੋਰੇਟ ਕੇਸ ਦੀ ਕਾਰਵਾਈ ਦੇ ਕਾਰਨ ਇਸ ਵਿੱਚ ਦੇਰ ਹੋਈ ਹੈ। ਦੂਸਰੇ ਪਾਸੇ ਸੁਖਪਾਲ ਸਿੰਘ ਖਹਿਰਾ ਦੀ ਵਾਪਸੀ ਨਾਲ ਮੁੱਖ ਮੰਤਰੀ ਜਾਂ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੂੰ ਕੋਈ ਇਤਰਾਜ਼ ਨਹੀਂ, ਕਿਉਂਕਿ ਭੁਲੱਥ ਹਲਕੇ ਵਿੱਚ ਕਾਂਗਰਸ ਕੋਲ ਬੀਬੀ ਜਗੀਰ ਕੌਰ ਦੇ ਮੁਕਾਬਲਾ ਲਈ ਕੋਈ ਦਮਦਾਰ ਨੇਤਾ ਨਹੀਂ। ਖਹਿਰਾ ਦੀ ਵਾਪਸੀ ਹੋਣ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਾਰਟੀ ਵਿੱਚ ਸਪੱਸ਼ਟ ਸੰਦੇਸ਼ ਉਨ੍ਹਾਂ ਨੇਤਾਵਾਂ ਨੂੰ ਦੇਣਾ ਚਾਹੁੰਦੇ ਹਨ, ਜੋ ਅੱਜ ਕੱਲ੍ਹ ਉਨ੍ਹਾਂ ਦੇ ਖਿਲਾਫ ਨਾ ਸਿਰਫ ਆਵਾਜ਼ ਉਠਾ ਰਹੇ ਹਨ ਅਤੇ ਬਿਆਨਬਾਜ਼ੀ ਕਰ ਰਹੇ ਹਨ।

ਖੁਦ ਸੁਖਪਾਲ ਸਿੰਘ ਖਹਿਰਾ ਨੇ ਕਾਂਗਰਸ ਵਿੱਚ ਵਾਪਸੀ ਤੋਂ ਪੂਰੀ ਤਰ੍ਹਾਂ ਇਨਕਾਰ ਕੀਤਾ ਤੇ ਕਿਹਾ ਕਿ ਪੰਜ ਸਾਲ ਤੋਂ ਲੜਦੇ ਆ ਰਹੇ ਹਾਂ ਅਤੇ ਜੇ ਅਜਿਹਾ ਹੋਵੇਗਾ ਤਾਂ ਉਹ ਮੀਡੀਆ ਨੂੰ ਪਹਿਲਾਂ ਜਾਣਕਾਰੀ ਦੇ ਦੇਣਗੇ।

# ਕਾਨਪੁਰ ਦੇ ਸਿੱਖ ਵਿਰੋਧੀ ਦੰਗੇ ਦੀ ਜਾਂਚ ਟੀਮ ਦੀ ਮਿਆਦ ਛੇ ਮਹੀਨੇ ਹੋਰ ਵਧੀ

ਕਾਨਪੁਰ, 27 ਮਈ, (ਪੋਸਟ ਬਿਊਰੋ)- ਸਾਲ 1984 ਦੇ ਸਿੱਖ ਵਿਰੋਧੀ ਦੰਗਿਆਂ ਵੇਲੇ ਦਰਜਹੋਏਕੇਸਾਂ ਦੀ ਜਾਂਚ ਲਈ ਬਣੀ ਵਿਸ਼ੇਸ਼ ਟੀਮ (ਐੱਸ ਆਈ ਟੀ) ਦਾ ਸਮਾਂ ਛੇ ਮਹੀਨੇ ਹੋਰ ਵਧਾ ਦਿੱਤਾ ਗਿਆ ਹੈ।ਇਹ ਟੀਮ ਇਸ 27 ਨਵੰਬਰ ਤਕ ਜਾਂਚ ਪੂਰੀ ਕਰੇਗੀ।ਪਤਾ ਲੱਗਾ ਹੈ ਕਿ ਇਸ ਟੀਮ ਨੇ 19 ਕੇਸਾਂ ਦੀ ਪੜਤਾਲ ਵਿੱਚੋਂ 12 ਵਿਚ ਸਬੂਤਅਤੇ ਗਵਾਹ ਲੱਭ ਲਏ ਅਤੇ ਤਿੰਨ ਕੇਸਾਂ ਵਿਚ ਦੋਸ਼ ਪੱਤਰ ਅਦਾਲਤ ਵਿਚ ਪੇਸ਼ ਹੋਣ ਦੀ ਉਮੀਦ ਹੈ।

ਵਰਨਣ ਯੋਗ ਹੈ ਕਿ ਸਾਲ 1984 ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਹੋਏ ਦੰਗਿਆਂ ਦੇ ਦੌਰਾਨ ਸ਼ਹਿਰ ਵਿਚ 127 ਲੋਕਾਂ ਦਾ ਕਤਲ ਤੇ ਲੁੱਟਮਾਰ ਹੋਈ ਸੀ ਤੇ ਕਈ ਪਰਿਵਾਰ ਹਿਜਰਤ ਕਰ ਗਏ ਸਨ। ਫਰਵਰੀ 2019 ਵਿਚ ਉੱਤਰ ਪ੍ਰਦੇਸ਼ ਸਰਕਾਰ ਨੇ ਦੰਗਿਆਂ ਦੌਰਾਨ ਕਤਲ, ਲੁੱਟ, ਡਕੈਤੀ ਦੇ ਗੰਭੀਰ ਦੋਸ਼ਾਂ ਦੀ ਜਾਂਚਲਈ ਸਾਬਕਾ ਡੀਜੀ ਪੀ ਅਤੁਲ ਕੁਮਾਰ ਦੀ ਅਗਵਾਈ ਵਿਚ ਐੱਸ ਆਈ ਟੀਬਣਾਈ ਸੀ। 27 ਮਈ 2019 ਨੂੰ ਐੱਸ ਆਈ ਟੀ ਨੇ ਕੰਮ ਸ਼ੁਰੂਕਰ ਕੇ ਦਸਤਾਵੇਜ਼ ਇਕੱਠੇ ਕਰਨ ਪਿੱਛੋਂ 19 ਕੇਸਾਂ ਦੀ ਜਾਂਚ ਕੀਤੀ ਤੇਅ ਦੋ ਵਾਰ ਇਸ ਦੀ ਮਿਆਦ ਵਧਾਈ ਗਈ ਸੀ।ਪਿੱਛੇ ਜਿਹੇ ਇਸ ਟੀਮ ਨੇ ਇਕ ਦਰਜਨ ਕੇਸਾਂ ਵਿਚ ਸਬੂਤ ਤੇ ਗਵਾਹ ਲੱਭ ਲਏ, ਪਰ 27 ਮਈ ਨੂੰ ਇਸ ਦਾ ਕਾਰਜਕਾਲ ਖ਼ਤਮ ਹੋ ਜਾਣ ਸੀ, ਇਸ ਕਾਰਨ ਐੱਸ ਆਈ ਟੀ ਦੇ ਐੱਸਪੀ ਨੇ ਛੇ ਮਹੀਨੇ ਦਾ ਸਮਾਂ ਮੰਗਿਆ ਸੀ।












# ਸੰਪਾਦਕੀ

## ਜੇਲ੍ਹਾਂ ਵਿੱਚ ਘੱਟ ਗਿਣਤੀਆਂ ਦੀ ਨਫ਼ਰੀ ਦਾ ਮੁੱਦਾ

ਬੀਤੇ ਦਿਨੀਂ ਯੂਨੀਵਰਸਿਟੀ ਆਫ਼ ਟੋਰਾਂਟੋ, ਰਾਇਰਸਨ ਯੂਨੀਵਰਸਿਟੀ, ਮੈਕਮਾਸਟਰ ਯੂਨੀਵਰਸਿਟੀ, ਸੇਂਟ ਮਾਈਕਲ ਹਸਪਤਾਲ ਅਤੇ ਗੈਰ-ਮੁਨਾਫ਼ਾ ਸੰਸਥਾ ਦੁਆਰਾ ਇੱਕ ਸਾਂਝੀ ਰਿਪੋਰਟ ਜਾਰੀ ਕੀਤੀ ਗਈ ਹੈ ਜਿਸ ਵਿੱਚ ਕਾਲੇ ਭਾਈਚਾਰੇ ਨਾਲ ਸਬੰਧਿਤ ਲੋਕਾਂ ਦੇ ਉਂਟੇਰੀਓ ਦੀਆਂ ਜੇਲ੍ਹਾਂ ਵਿੱਚ ਸਮਾਂ ਕੱਟਣ ਬਾਰੇ ਤਕਲੀਫ਼ਦੇਹ ਅੰਕੜੇ ਸਾਹਮਣੇ ਆਏ ਹਨ। ਰਿਪੋਰਟ ਮੁਤਾਬਕ ਉਂਟੇਰੀਓ ਵਿੱਚ ਬਲੈਕ ਕਮਿਊਨਿਟੀ ਨਾਲ ਸਬੰਧਤ ਹਰ ਪੰਦਰਵੇਂ ਆਦਮੀ ਨੂੰ ਕਿਸੇ ਸਮੇਂ ਜੇਲ੍ਹ ਦਾ ਮੂੰਹ ਵੇਖਣਾ ਪਿਆ ਹੈ। ਵ੍ਹਾਈਟ ਭਾਈਚਾਰੇ ਵਿੱਚ ਇਹ ਦਰ 70 ਵਿਅਕਤੀਆਂ ਪਿੱਛੇ ਇੱਕ ਹੈ। ਕੁੱਲ ਮਿਲਾ ਕੇ ਬਲੈਕ ਭਾਈਚਾਰੇ ਵਿੱਚ 1 ਲੱਖ ਲੋਕਾਂ ਪਿੱਛੇ 4109 ਵਿਅਕਤੀ ਜ਼ੇਲ੍ਹ ਹੰਢਾਉਂਦੇ ਹਨ ਜਦੋਂ ਕਿ ਵ੍ਹਾਈਟ ਭਾਈਚਾਰੇ ਲਈ ਇਹ ਦਰ ਇੱਕ ਲੱਖ ਪਿੱਛੇ 771 ਹੈ। ਬਲੈਕ ਅਤੇ ਵ੍ਹਾਈਟ ਨੂੰ ਛੱਡ ਕੇ ਹੋਰ ਭਾਈਚਾਰਿਆਂ ਲਈ 1 ਲੱਖ ਪਿੱਛੇ ਜੇਲ੍ਹ ਹੋਣ ਦੀ ਗਿਣਤੀ 1507 ਹੈ। ਸੁਆਲ ਉੱਠਦਾ ਹੈ ਕਿ ਇਹਨਾਂ ਹੋਰਾਂ ਵਿੱਚ ਕਿੰਨੇ ਸਾਊਥ ਏਸ਼ੀਅਨ ਹਨ ਜਾਂ ਹੋਰ ਸਪੱਸ਼ਟਤਾ ਨਾਲ ਗੱਲ ਕੀਤੀ ਜਾਵੇ ਤਾਂ ਕਿੰਨੇ ਪੰਜਾਬੀ ਹਨ?

ਬਲੈਕ ਭਾਈਚਾਰੇ ਦੇ ਨਾਲ ਨਾਲ ਮੂਲਵਾਸੀਆਂ ਦੀ ਜੇਲ੍ਹਾਂ ਵਿੱਚ ਨਫ਼ਰੀ ਇੱਕ ਹੋਰ ਅਹਿਮ ਮੁੱਦਾ ਹੈ ਜਿਸਤੋਂ ਨਜ਼ਰ ਉਹਲੇ ਨਹੀਂ ਕੀਤੀ ਜਾ ਸਕਦੀ। 2020 ਦੇ ਅੰਕੜਿਆਂ ਮੁਤਾਬਕ ਕੈਨੇਡਾ ਦੀਆਂ ਜੇਲ੍ਹਾਂ ਵਿੱਚ ਡੱਕੇ ਕੁੱਲ ਲੋਕਾਂ ਵਿੱਚੋਂ 30% ਮੂਲਵਾਸੀ ਸਨ ਜਦੋਂ ਕਿ ਇਹ ਕੈਨੇਡਾ ਦੀ ਵੱਸੋਂ ਦਾ ਸਿਰਫ਼ 4.9% ਹਨ। ਬਲੈਕ ਅਤੇ ਮੂਲਵਾਸੀ ਭਾਈਚਾਰਿਆਂ ਦਾ ਅਨੁਭਵ ਦੱਸਦਾ ਹੈ ਕਿ ਇਹ ਭਾਈਚਾਰੇ ਇਨਸਾਫ਼ ਲਈ ਗੁਹਾਰ ਕਰਨ ਵਿਚ ਦਹਾਕਿਆਂ ਤੋਂ ਨਹੀਂ ਸਗੋਂ ਸਦੀਆਂ ਤੋਂ ਇੰਤਜ਼ਾਰ ਕਰਦੇ ਆ ਰਹੇ ਹਨ ਅਤੇ ਇਹ ਇੰਤਜ਼ਾਰ ਹਾਲੇ ਜਾਰੀ ਹੈ। ਹਰ ਨਿਆਂ ਪੱਖੀ ਇਨਸਾਨ ਨੂੰ ਇਸ ਦੁਖਾਂਤ ਪ੍ਰਤੀ ਸੰਜੀਦਗੀ ਅਤੇ ਸੰਵੇਦਨਸ਼ੀਲਤਾ ਪੈਦਾ ਕਰਨ ਦੀ ਲੋੜ ਹੈ। ਇਸਦੇ ਨਾਲ ਹੀ ਇਹਨਾਂ ਭਾਈਚਾਰਿਆਂ ਦੇ ਅਨੁਭਵ ਸਾਨੂੰ ਸੋਚਣ ਲਈ ਮਜ਼ਬੂਰ ਕਰਦੇ ਹਨ ਕਿ ਜੇਲ੍ਹਾਂ ਵਿੱਚ ਕੈਦ ਸਾਡੇ ਆਪਣੇ ਭਾਈਚਾਰੇ ਬਾਰੇ ਅੰਕੜੇ ਕੀ ਹਨ? ਜੇਲ੍ਹਾਂ ਵਿਚ ਇਹਨਾਂ ਕੈਦੀਆਂ ਦੀਆਂ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਲੋੜਾਂ ਬਾਰੇ ਕੀ ਪ੍ਰਬੰਧ ਹਨ?

ਕੈਨੇਡਾ ਦੀਆਂ ਜੇਲ੍ਹਾਂ ਵਿੱਚ ਘੱਟ ਗਿਣਤੀ ਭਾਈਚਾਰਿਆਂ ਬਾਰੇ ਇੱਕ ਰਿਪੋਰਟ 2004 ਦੀ ਮਿਲਦੀ ਹੈ ਜਿਸ ਵਿੱਚ ਕਿਸੇ ਵਿਸ਼ੇਸ਼ ਕਮਿਊਨਟੀ ਬਾਰੇ ਗੱਲ ਨਾ ਕਰਕੇ ਸਮੁੱਚੀਆਂ ਘੱਟ ਗਿਣਤੀਆਂ ਦੇ ਅਨੁਭਵ ਦਾ ਜ਼ਿਕਰ ਮਿਲਦਾ ਹੈ। ਕੁਰੈਕਸ਼ਨਲ ਸਰਵਿਸ ਆਫ ਕੈਨੇਡਾ (Correctional Services of Canada) ਵੱਲੋਂ ਤਿਆਰ ਕੀਤੀ ਗਈ ਇਸ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਘੱਟ ਗਿਣਤੀ ਨਾਲ ਸਬੰਧਿਤ ਕੈਦੀ ਮੁੱਖ ਧਾਰਾ ਦੇ ਕੈਦੀਆਂ ਦੇ ਮੁਕਾਬਲੇ ਘੱਟ ਉਮਰ ਦੇ ਹੁੰਦੇ ਹਨ ਅਤੇ ਜ਼ਿਆਦਾ ਕਰਕੇ ਇਹਨਾਂ ਨੂੰ ਡਰੱਗ ਨਾਲ ਸਬੰਧਿਤ ਜੁਰਮਾਂ ਕਾਰਣ ਕੈਦ ਹੋਈ ਹੁੰਦੀ ਹੈ। ਜੇ ਪੰਜਾਬੀ ਭਾਈਚਾਰੇ ਵਿੱਚ ਡਰੱਗ ਦੀ ਵਰਤੋਂ ਅਤੇ ਸਮੱਗਲਿੰਗ ਦੇ ਪਰੀਪੇਖ ਵਿੱਚ ਸੋਚਿਆ ਜਾਵੇ ਤਾਂ ਕੰਨ ਜਰੂਰ ਖੜੇ ਹੁੰਦੇ ਹਨ। ਵੈਸੇ 2014 ਵਿੱਚ ਤਿਆਰ ਹੋਈ ਇਸ ਰਿਪੋਰਟ ਤੋਂ ਬਾਅਦ ਹੁਣ ਤੱਕ ਦੇ 17 ਸਾਲ ਦੇ ਅਰਸੇ ਵਿੱਚ ਬਹੁਤ ਪਾਣੀ ਪੁੱਲਾਂ ਥੱਲਿਓਂ ਗੁਜ਼ਰ ਚੁੱਕਿਆ ਹੈ। ਇਸ ਗੱਲ ਨੂੰ ਕਬੂਲ ਕਰਨਾ ਹੋਵੇਗਾ ਕਿ ਇਤਿਹਾਸਕ ਰੂਪ ਵਿੱਚ ਸਾਊਥ ਏਸ਼ੀਅਨਾਂ ਦੀ ਜੇਲ੍ਹਾਂ ਵਿੱਚ ਨਫ਼ਰੀ ਘੱਟ ਰਹੀ ਹੈ ਪਰ ਪੰਜਾਬੀ ਵੱਸੋਂ ਬਾਰੇ ਅੰਕੜੇ ਬਿਲਕੁਲ ਉਪਲਬਧ ਨਹੀਂ ਹੋ ਪਾਏ ਹਨ।

ਕਿਸੇ ਸਮਾਜ ਵਿੱਚ ਹਰ ਸਮੇਂ ਸੁਧਾਰ ਦੀ ਗੁੰਜਾਇਸ਼ ਬਣੀ ਰਹਿੰਦੀ ਹੈ। ਜੇਲ੍ਹਾਂ ਵਿੱਚ ਪੰਜਾਬੀਆਂ ਦੇ ਅਨੁਭਵਾਂ ਬਾਰੇ ਇੱਕ ਤੱਥਾਂ ਆਧਾਰਿਤ ਸਟੱਡੀ ਕੀਤੇ ਜਾਣ ਦੀ ਹੀ ਲੋੜ ਨਹੀਂ ਹੈ ਸਗੋਂ ਇਹ ਗੱਲ ਦੀ ਵੀ ਲੋੜ ਹੈ ਕਿ ਜੇਲ੍ਹਾਂ ਵਿੱਚ ਡੱਕੇ ਪੰਜਾਬੀਆਂ ਦੇ ਨਸਲਵਾਦ ਸਹਿਣ ਬਾਰੇ ਕੀ ਅਨੁਭਵ ਹਨ। ਇਹ ਇੱਕ ਗੰਭੀਰ ਵਿਸ਼ਾ ਹੈ ਜਿਸ ਬਾਰੇ ਸੱਭ ਤੋਂ ਪਹਿਲਾਂ ਗੱਲ ਮੀਡੀਆ ਕਰਮੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਵੱਲੋਂ ਆਰੰਭੀ ਜਾਣੀ ਚਾਹੀਦੀ ਹੈ। ਮੀਡੀਆ ਦਾ ਰੋਲ ਸਿਰਫ਼ ਖਾਣੇ ਦੀਆਂ ਵਿਧੀਆਂ ਬਾਰੇ ਚਰਚਾ ਕਰਨ ਜਾਂ ਚੁਟਕਲੇ ਸੁਣਾਉਣ ਤੱਕ ਹੀ ਨਹੀਂ ਹੋਣਾ ਚਾਹੀਦਾ ਸਗੋਂ ਪਬਲਿਕ ਵਿੱਚ ਚੇਤਨਾ ਫੈਲਾਉਣ ਦੇ ਨਾਲ ਹਰ ਵਰਗ ਦੇ ਆਗੂਆਂ ਨੂੰ ਔਖੇ ਸੁਆਲ ਪੁੱਛਣਾ ਹੋਣਾ ਚਾਹੀਦਾ ਹੈ। ਇੱਕ ਸਿਹਤਮੰਦ ਸਮਾਜ ਸਿਰਜਣ ਵਿੱਚ ਨਿੱਗਰ ਮੀਡੀਆ ਅਤੇ ਸਿਆਣੇ ਸਿਆਸੀ ਧਾਰਮਿਕ ਆਗੂਆਂ ਦਾ ਅਹਿਮ ਰੋਲ ਹੁੰਦਾ ਹੈ। ਮੀਡੀਆ ਅਤੇ ਆਗੂਆਂ ਨੂੰ ਸਹੀ ਲੀਹ ਰੱਖਣ ਵਿੱਚ ਪਬਲਿਕ ਦਾ ਖੁਦ ਸਵਾਰਥ ਹੋਣਾ ਚਾਹੀਦਾ ਹੈ। ਇਸ ਮਨੋਰਥ ਦੀ ਪੂਰਤੀ ਲਈ ਗੰਭੀਰ ਪਹੁੰਚ ਨੂੰ ਅਪਨਾਉਣਾ ਸਮੇਂ ਦੀ ਲੋੜ ਹੈ।

# ਫੈਡਰਲ ਐਡਵਾਈਜ਼ਰੀ ਪੈਨਲ ਨੇ ਕੈਨੇਡਾ 'ਚ ਹੋਟਲ ਕੁਆਰਨਟੀਨ ਖ਼ਤਮ ਕਰਨ ਦੀ ਕੀਤੀ ਸਿਫਾਰਿਸ਼

...ਪੰਨਾ 1 ਦਾ ਬਾਕੀ

ਇਸ ਤੋਂ ਇਲਾਵਾ ਪੈਨਲ ਵੱਲੋਂ ਜ਼ਮੀਨੀ ਤੇ ਹਵਾਈ ਮਾਪਦੰਡਾਂ ਵਿੱਚ ਫਰਕ ਦੀ ਗੱਲ ਵੀ ਕੀਤੀ ਗਈ। ਜਿਸ ਕਾਰਨ ਕੁੱਝ ਟਰੈਵਲਰਜ਼ ਹੋਟਲ ਕੁਆਰਨਟੀਨ ਤੋਂ ਬਚਣ ਲਈ ਅਮਰੀਕੀ ਏਅਰਪੋਰਟ ਉੱਤੇ ਉਤਰਦੇ ਹਨ ਤੇ ਕਾਰ ਰਾਹੀਂ ਕੈਨੇਡਾ ਆ ਜਾਂਦੇ ਹਨ। ਇਸ ਤੋਂ ਇਲਾਵਾ ਪੈਨਲ ਵੱਲੋਂ ਕਿਸੇ ਟਰੈਵਲਰ ਦੇ ਕੈਨੇਡਾ ਉਤਰਨ ਸਮੇਂ ਕੋਵਿਡ-19 ਤੇ ਇਸ ਦੇ ਹੋਰਨਾਂ ਵੇਰੀਐਂਟਸ ਦੀ ਸਕਰੀਨਿੰਗ ਜਾਰੀ ਰਹਿਣੀ ਚਾਹੀਦੀ ਹੈ ਤੇ ਪਾਜ਼ੀਟਿਵ ਆਉਣ ਵਾਲੇ ਲੋਕਾਂ ਬਾਰੇ ਲੋਕਲ ਪਬਲਿਕ ਹੈਲਥ ਅਧਿਕਾਰੀਆਂ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ।

ਇਹ ਵੀ ਆਖਿਆ ਗਿਆ ਹੈ ਕਿ ਇਸ ਸਮੇਂ ਸਰਕਾਰ ਕਿਸੇ ਦੇਸ਼ ਨਾਲ ਸਬੰਧਤ ਟਰੈਵਲਰਜ਼ ਦੀ ਟੈਸਟਿੰਗ ਜਾਂ ਕੁਆਰਨਟੀਨ ਮਾਪਦੰਡਾਂ ਨੂੰ ਲਾਗੂ ਨਹੀਂ ਕਰ ਰਹੀ। ਪਰ ਵਿਲੱਖਣ ਹਾਲਾਤ ਵਿੱਚ ਅਜਿਹਾ ਕੀਤਾ ਜਾ ਸਕਦਾ ਹੈ। ਵੈਕਸੀਨ ਸਰਟੀਫਿਕੇਟ ਜਾਂ ਪਾਸਪੋਰਟ ਬਾਰੇ ਵੀ ਜਲਦ ਫੈਸਲਾ ਕਰਨ ਦੀ ਗੱਲ ਆਖੀ ਗਈ ਹੈ। ਇਸ ਦੌਰਾਨ ਫੈਡਰਲ ਹੈਲਥ ਤੇ ਟਰਾਂਸਪੋਰਟ ਮੰਤਰੀ ਨੇ ਆਖਿਆ ਕਿ ਉਹ ਵੈਕਸੀਨ ਦੇ ਸਬੰਧ ਵਿੱਚ ਦਸਤਾਵੇਜ਼ਾਂ ਬਾਰੇ ਆਪਣੇ ਕੌਮਾਂਤਰੀ ਹਮਰੁਤਬਾ ਅਧਿਕਾਰੀਆਂ ਨਾਲ ਰਲ ਕੇ ਸਾਂਝੇ ਸਿਧਾਂਤ ਕਾਇਮ ਕਰਨ ਬਾਰੇ ਵੀ ਵਿਚਾਰ ਵਟਾਂਦਰਾ ਕਰ ਰਹੇ ਹਨ ਤੇ ਜਲਦ ਹੀ ਇਸ ਸਬੰਧੀ ਯੋਜਨਾ ਦਾ ਖੁਲਾਸਾ ਕੀਤਾ ਜਾਵੇਗਾ।

ਪੈਨਲ ਵੱਲੋਂ ਬਿਲਕੁਲ ਵੈਕਸੀਨੇਸ਼ਨ ਨਾ ਕਰਵਾਉਣ ਵਾਲਿਆਂ, ਵੈਕਸੀਨ ਦੀਆਂ ਦੋ ਡੋਜ਼ਾਂ ਵਿੱਚੋਂ ਇੱਕ ਲਵਾਉਣ ਵਾਲਿਆਂ ਤੇ ਮੁਕੰਮਲ ਟੀਕਾਕਰਣ ਕਰਵਾਉਣ ਵਾਲਿਆਂ ਲਈ ਦਿਸ਼ਾ ਨਿਰਦੇਸ਼ ਤਿਆਰ ਕੀਤੇ ਜਾ ਰਹੇ ਹਨ।



ਸਿਆਟਲ ਦੇ ਕਿਸਾਨ ਹਿਤੈਸ਼ੀਆਂ ਨੇ ਨਵੀਂ ਦਿੱਲੀ ਵਿਚ ਕਾਲੇ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਨੂੰ ਸਮਰਥਨ ਦੇਣ ਲਈ ਸਿਰਾਂ ਉਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਰੋਸ ਵਜੋਂ ਕਾਲਾ ਦਿਵਸ ਮਨਾਇਆ। ਤਸਵੀਰ ਵਿਚ ਨਕੀਬ ਰਹਿਮਾਨ, ਉਂਕਾਰ ਭੰਡਲ, ਪ੍ਰਿੰਸ ਰਾਣਾ, ਬਲਜੀਤ ਸੋਹਲ ਸੇਮਾ ਵਿਰਕ ਤੇ ਕੁਲਵੰਤ ਸਿੰਘ ਵਿਰਕ ਰੋਸ ਵਜੋਂ ਸਿਰਾਂ ਉਤੇ ਕਾਲੀਆਂ ਪੱਟੀਆਂ ਬੰਨ੍ਹੀਂ ਨਜ਼ਰ ਆ ਰਹੇ ਹਨ।

# ਰੇਪ ਕੇਸ ਪੀੜਤ ਨੇ ਡਾਕਟਰ ਨਾਲ ਸਮਝੌਤੇ ਲਈ 50 ਲੱਖ ਮੰਗੇ ਤੇ ਦੋ ਲੱਖ ਲੈਂਦੀ ਫੜੀ ਗਈ

ਸ਼ਾਹਾਬਾਦ, 27 ਮਈ (ਪੋਸਟ ਬਿਊਰੋ)- ਏਥੋਂ ਦੇ ਇੱਕ ਪ੍ਰਾਈਵੇਟ ਹਸਪਤਾਲ ਦੇ ਮਾਲਕ ਦੇ ਖਿਲਾਫ ਰੇਪ ਕੇਸ ਦੇ ਬਾਰੇ ਸਮਝੌਤਾ ਕਰਨ ਵਾਸਤੇ ਦੋ ਲੱਖ ਰੁਪਏ ਲੈਂਦੀ ਸ਼ਿਕਾਇਤਕਰਤਾ ਔਰਤ ਨੂੰ ਪੁਲਸ ਨੇ ਫੜਿਆ ਹੈ।

ਪਤਾ ਲੱਗਾ ਹੈ ਕਿ ਇਹ ਔਰਤ ਸਮਝੌਤੇ ਲਈ ਪੰਜਾਹ ਲੱਖ ਰੁਪਏ ਮੰਗਦੀ ਸੀ, ਪਰ ਗੱਲਬਾਤ ਦੌਰਾਨ ਤੀਹ ਲੱਖ ਵਿੱਚ ਕੇਸ ਰੱਦ ਕਰਵਾਉਣਾ ਮੰਨ ਗਈ। ਕਰੀਬ 15 ਦਿਨ ਪਹਿਲਾਂ 35 ਸਾਲਾ ਉਕਤ ਔਰਤ ਨੇ ਸ਼ਿਕਾਇਤ ਕੀਤੀ ਸੀ ਕਿ ਉਹ ਹਸਪਤਾਲ ਵਿੱਚ ਕੰਮ ਕਰਦੀ ਸੀ। ਪੁਲਸ ਨੇ ਡਾਕਟਰ ਦੀ ਪਤਨੀ ਤੇ ਔਰਤ ਡਾਕਟਰ ਦੀ ਸ਼ਿਕਾਇਤ ਉੱਤੇ ਉਕਤ ਔਰਤ ਦੇ ਖਿਲਾਫ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਸ਼ਾਹਾਬਾਦ ਵਾਸੀ ਇੱਕ ਨਿੱਜੀ ਹਸਪਤਾਲ ਦੇ ਸੰਚਾਲਕ ਦੇ ਖਿਲਾਫ 15 ਦਿਨ ਪਹਿਲਾਂ ਮੂਲਰੂਪ ਵਿੱਚ ਪੰਜਾਬ ਦੀ ਵਸਨੀਕ ਔਰਤ ਨੇ ਬਲਾਤਕਾਰ ਦਾ ਦੋਸ਼ ਲਾਇਆ ਸੀ ਕਿਦੋਸ਼ੀ ਔਰਤ ਡਾਕਟਰ ਦੇ ਹਸਪਤਾਲ ਵਿੱਚ ਤੈਨਾਤ ਸੀ ਅਤੇ ਡਾਕਟਰ ਨੇ ਜਬਰੀ ਉਸ ਨਾਲ ਸੰਬੰਧ ਬਣਾਏ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਐਸਟ੍ਰਾਜ਼ੈਨੇਕਾ ਵੈਕਸੀਨ ਨੂੰ ਬਰਬਾਦ ਨਾ ਕਰਨ ਲਈ ਹਾਜ਼ਦੂ ਨੇ ਪ੍ਰੋਵਿੰਸਾਂ ਨੂੰ ਕੀਤੀ ਅਪੀਲ



ਓਟਵਾ, 27 ਮਈ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਪ੍ਰੋਵਿੰਸਾਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਐਸਟ੍ਰਾਜ਼ੈਨੇਕਾ ਵੈਕਸੀਨ ਨੂੰ ਵੇਸਟ ਨਾ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਇਹ ਵੈਕਸੀਨ ਅਗਲੇ ਕੁੱਝ ਦਿਨਾਂ ਵਿੱਚ ਐਕਸਪਾਇਰ ਹੋਣ ਜਾ ਰਹੀ ਹੈ।

ਆਪਣੇ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਹਮਰੁਤਬਾ ਅਧਿਕਾਰੀਆਂ ਨੂੰ ਲਿਖੇ ਪੱਤਰ ਵਿੱਚ ਫੈਡਰਲ ਸਿਹਤ ਮੰਤਰੀ ਪੈਟੀ ਹਾਜ਼ਦੂ ਨੇ ਅਜਿਹੇ ਪ੍ਰੋਵਿੰਸਾਂ ਨੂੰ ਬੇਨਤੀ ਕੀਤੀ ਕਿ ਜੇ ਉਹ ਆਪਣੇ ਕੋਲ ਪਈਆਂ ਐਸਟ੍ਰਾਜ਼ੈਨੇਕਾ ਵੈਕਸੀਨ ਦੀਆਂ ਡੋਜ਼ਾਂ ਲੋਕਾਂ ਨੂੰ ਨਹੀਂ ਲਗਾ ਸਕਦੇ ਤਾਂ ਇਹ ਸਪਲਾਈ ਅਜਿਹੇ ਪ੍ਰੋਵਿੰਸਾਂ ਨੂੰ ਦੇ ਦੇਣ ਜਿਹੜੇ ਅਜਿਹਾ ਕਰ ਸਕਦੇ ਹਨ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਇਹ ਡੋਜ਼ਾਂ ਬਰਬਾਦ ਨਾ ਕੀਤੀਆਂ ਜਾਣ।

ਪ੍ਰੀਮੀਅਰਜ਼ ਨਾਲ ਹੋਣ ਵਾਲੀ ਮਹਾਂਮਾਰੀ ਦੀ ਕਾਨਫਰੰਸ ਕਾਲ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਸ ਮੁੱਦੇ ਉੱਤੇ ਅਗਾਂਹ ਵੀ ਚਰਚਾ ਕੀਤੀ ਜਾਵੇਗੀ।

# ਵੰਨ ਸੁਵੰਨੇ ਸੰਗੀਤ ਤੇ ਸੱਭਿਆਚਾਰਾਂ ਨੂੰ ਆਪਸ ਵਿੱਚ ਪਿਰੋਣ ਦਾ ਕੰਮ ਕਰ ਰਹੀ ਹੈ ਸਮਾਲ ਵਰਲਡ ਮਿਊਜ਼ਿਕ ਸੀਰੀਜ਼

ਟੋਰਾਂਟੋ, 27 ਮਈ (ਪੋਸਟ ਬਿਊਰੋ) : ਪਿਛਲੇ 19 ਸਾਲਾਂ ਤੋਂ ਸਮਾਲ ਵਰਲਡ ਮਿਊਜ਼ਿਕ ਸੀਰੀਜ਼ ਏਸ਼ੀਆ ਦੇ ਬਹੁਤ ਹੀ ਅਮੀਰ ਤੇ ਵੰਨ ਸੁਵੰਨੇ ਸੰਗੀਤ ਦੇ ਰੂ-ਬ-ਰੂ ਕਰਵਾਉਂਦੀ ਆ ਰਹੀ ਹੈ। ਅਗਲੇ ਕੁੱਝ ਹਫਤਿਆਂ ਵਿੱਚ ਏਸ਼ੀਅਨ ਮਿਊਜ਼ਿਕ ਸੀਰੀਜ਼ ਏਸ਼ੀਅਨ ਤੇ ਸਾਊਥ ਏਸ਼ੀਅਨ ਹੈਰੀਟੇਜ ਮੰਥ ਦੌਰਾਨ ਏਸੀਅਨ ਸੰਗੀਤ ਦੀਆਂ ਵੰਨ ਸੁਵੰਨੀਆ ਵੰਨਗੀਆਂ ਪੇਸ਼ ਕਰੇਗੀ। ਪਿਛਲੇ ਸਾਲਾਂ ਵਿੱਚ ਕਰਵਾਏ ਗਏ ਈਵੈਂਟਸ ਦੇ ਮੁਕਾਬਲੇ ਇਸ ਸਾਲ ਇਹ ਈਵੈਂਟ ਵਰਚੂਅਲ, ਮੁਫਤ ਤੇ ਹਰ ਕਿਸੇ ਦੀ ਪਹੁੰਚ ਵਿੱਚ ਹੋਵੇਗਾ। ਟੋਰਾਂਟੋ ਵਿੱਚ ਸਥਿਤ ਸਮਾਲ ਵਰਲਡ ਮਿਊਜ਼ਿਕ ਦੀ ਸ਼ੁਰੂਆਤ 1997 ਵਿੱਚ ਕੀਤੀ ਗਈ ਸੀ। ਇਸ ਦਾ ਮੁੱਖ ਟੀਚਾ ਸੱਭਿਆਚਾਰਕ ਵੰਨ ਸੁਵੰਨਤਾ ਨੂੰ ਇੱਕ ਮੰਚ ਉੱਤੇ ਲਿਆਉਣਾ ਹੈ। ਸਮਾਲ ਵਰਲਡ ਮਿਊਜ਼ਿਕ ਦੇ ਐਗਜ਼ੈਕਟਿਵ ਡਾਇਰੈਕਟਰ ਉਮੈਰ ਜਫਰ ਨੇ



ਆਖਿਆ ਕਿ ਪਹਿਲਾਂ ਅਸੀਂ ਸਾਲ ਵਿੱਚ ਇੱਕਾ ਦੁੱਕਾ ਸ਼ੋਅਜ਼ ਹੀ ਕਰਦੇ ਹੁੰਦੇ ਸੀ ਪਰ ਹੁਣ ਦੋ ਮਹੀਨਿਆਂ ਦੇ ਅਰਸੇ ਵਿੱਚ 19 ਸ਼ੋਅ ਕਰ ਲੈਂਦੇ ਹਾਂ।

ਉਨ੍ਹਾਂ ਆਖਿਆ ਕਿ ਏਸ਼ੀਅਨ ਮਿਊਜ਼ਿਕ ਸੀਰੀਜ਼ ਦੇ ਵਿਕਾਸ ਵਿੱਚ ਟੀਡੀ ਬੈਂਕ ਨੇ ਅਹਿਮ ਭੂਮਿਕਾ ਨਿਭਾਈ ਹੈ ਤੇ ਹੁਣ ਤੱਕ ਇਹ ਸਾਨੂੰ ਸੱਭ ਤੋਂ ਵੱਧ ਫੰਡ ਦੇਣ ਵਾਲਾ ਬੈਂਕ ਰਿਹਾ ਹੈ। ਮਈ ਮਹੀਨੇ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਵਿੱਚ ਆਰਟਸ ਤੇ ਕਲਚਰ ਕਮਿਊਨਿਟੀ ਪਹਿਲਕਦਮੀਆਂ ਸ਼ਾਮਲ ਹਨ। ਆਰਗੇਨਾਈਜ਼ੇਸ਼ਨ ਦੇ ਮਕਸਦ ਦੀ ਗੱਲ ਕਰਦਿਆਂ ਜਫਰ ਨੇ ਆਖਿਆ ਕਿ ਮਨੋਰੰਜਨ ਲਈ ਸੰਗੀਤ ਦੀ ਵਰਤੋਂ ਕਰਨਾ ਹੀ ਸਾਡਾ ਮੰਤਵ ਨਹੀਂ ਹੈ। ਸੰਗੀਤ ਸਮਾਜ ਵਿੱਚ ਪਈਆਂ ਵੰਡੀਆਂ ਨੂੰ ਖਤਮ ਕਰਨ ਦਾ ਬਿਹਤਰੀਨ ਰਾਹ ਹੈ ਤੇ ਇਹ ਇੱਕਜੁੱਟਤਾ ਪੈਦਾ ਕਰਦਾ ਹੈ।

ਉਨ੍ਹਾਂ ਆਖਿਆ ਕਿ ਅਸੀਂ ਤਿੰਨ ਨੁਕਤਿਆਂ ਉੱਤੇ ਕੰਮ ਕਰਦੇ ਹਾਂ, ਆਡੀਐਂਸ ਨੂੰ ਨਾਲ ਸ਼ਾਮਲ ਕਰਨਾ, ਕਲਾਕਾਰਾਂ ਨੂੰ ਮੌਕਾ ਦੇਣਾ ਤੇ ਇੰਡਸਟਰੀ ਨੂੰ ਆਪਸ ਵਿੱਚ ਜੋੜਨਾ। ਇਸ ਮੌਕੇ ਇੰਡੋ ਕੈਨੇਡੀਅਨ ਆਰਟਿਸਟ ਹਸ਼ੀਲ ਲੋਢੀਆ ਨੇ ਦੱਸਿਆ ਕਿ ਇਹ ਕੈਨੇਡੀਅਨ ਮਿਊਜ਼ਿਕ ਇੰਡਸਟਰੀ ਦਾ ਮੁਹਾਂਦਰਾ ਬਦਲ ਰਹੇ ਹਨ। ਇਸ ਮੌਕੇ ਲੋਢੀਆ ਦੀ ਜ਼ਿੰਦਗੀ ਉੱਤੇ ਤਿਆਰ ਕੀਤੀ ਗਈ ਮਿਨੀ ਡੌਕਿਊਮੈਂਟਰੀ ਰਾਗਰਾਣੀ ਵੀ ਪੇਸ਼ ਕੀਤੀ ਜਾਵੇਗੀ। ਇਸ ਸਾਲ ਕੌਮਾਂਤਰੀ ਕਲਾਕਾਰਾਂ ਨੂੰ ਵਿਲੱਖਣ ਢੰਗ ਨਾਲ ਗੀਤ, ਡਾਂਸ, ਸਟੋਰੀਟੈਲਿੰਗ ਰਾਹੀਂ ਪੇਸ਼ ਕੀਤਾ ਜਾਵੇਗਾ।

# 11 ਮਹੀਨੇ ਦੀ ਵੇਦਿਕਾ ਸ਼ਿੰਦੇ ਨੂੰ ਦੁਨੀਆਂ ਦੀ ਸਭ ਤੋਂ ਮਹਿੰਗੀ ਦਵਾਈ ਮਿਲੇਗੀ

ਨਵੀਂ ਦਿੱਲੀ, 27 ਮਈ (ਪੋਸਟ ਬਿਊਰੋ)- ਸਭ ਚੁਣੌਤੀਆਂ ਦੇ ਬਾਵਜੂਦ ਇਸ ਸੰਸਾਰ ਨੂੰ ਚਲਾਉਣ ਵਾਲੀ ਸਭ ਤੋਂ ਵੱਡੀ ਸ਼ਕਤੀ ਮਨੁੱਖਤਾ ਹੈ। ਪੁਣੇ ਦੀ 11 ਮਹੀਨੇ ਦੀ ਬੱਚੀ ਵੇਦਿਕਾ ਸ਼ਿੰਦੇ ਦੇ ਇਲਾਜ ਲਈ ਜਿਸ ਤਰ੍ਹਾਂ ਮਦਦ ਲਈ ਹੱਥ ਵਧੇ ਹਨ, ਉਸ ਨੇ ਫਿਰ ਇਸ ਵਿਸ਼ਵਾਸ ਨੂੰ ਤਾਕਤ ਦਿੱਤੀ ਹੈ।



ਚੰਦਾ ਜੁਟਾਊ ਮੰਚ 'ਮਿਲਾਪ' ਦੀ ਪਹਿਲ ਉੱਤੇ ਦੁਨੀਆ ਭਰ ਤੋਂ 1.34 ਲੱਖ ਲੋਕਾਂ ਨੇ ਇਸ ਬੱਚੀ ਦੇ ਇਲਾਜ ਲਈ 14.3 ਕਰੋੜ ਰੁਪਏ ਦਾ ਦਾਨ ਦਿੱਤਾ ਹੈ। ਮਿਲਾਪ ਨੇ ਪਿਛਲੇ ਸਾਲ ਵੱਖ-ਵੱਖ ਮੈਡੀਕਲ ਐਮਰਜੈਂਸੀਆਂ ਲਈ 250 ਕਰੋੜ ਰੁਪਏ ਤੋਂ ਵੱਧ ਫੰਡ ਇਕੱਠਾ ਕੀਤਾ।ਵੇਦਿਕਾ ਐਸ ਐਮ ਏ ਟਾਈਪ-1 ਤੋਂ ਪੀੜਤ ਹੈ, ਜੋ ਦੁਰਲੱਭ ਬੀਮਾਰੀ ਹੈ। ਇਸ ਨਾਲ ਦੋ ਸਾਲ ਦੀ ਉਮਰ ਤੋਂ ਪਹਿਲਾਂ ਬੱਚੇ ਦੀ ਮੌਤ ਦਾ ਖਤਰਾ ਰਹਿੰਦਾ ਹੈ। ਡਾਕਟਰਾਂ ਨੇ ਦੱਸਿਆ ਕਿ ਜੀਨ ਰਿਪਲੇਸਮੈਂਟ ਥੈਰੇਪੀ ਜੋਲਗੇਂਸਮਾ ਨਾਲ ਇਸ ਦਾ ਇਲਾਜ ਹੋ ਸਕਦਾ ਹੈ, ਜਿਸ ਦੀ ਲਾਗਤ 16 ਕਰੋੜ ਰੁਪਏ ਹੈ।ਇਸ ਨੂੰ ਦੇਖਦੇ ਹੋਏ ਵੇਦਿਤਾ ਦੇ ਮਾਤਾ-ਪਿਤਾ ਨੇ ਮਿਲਾਪ ਉੱਤੇ ਆਪਣੀ ਕਹਾਣੀ ਦੁਨੀਆ ਨਾਲ ਸਾਂਝੀ ਕਰ ਕੇ ਮਦਦ ਮੰਗੀ ਤਾਂ ਮਾਰਚ ਵਿੱਚ ਵੇਦਿਕਾ ਦੇ ਇਲਾਜ ਲਈ ਫੰਡ ਇਕੱਠਾ ਕਰਨ ਦੀ ਸ਼ੁਰੂਆਤ ਹੋਈ। ਇਕੱਠੀ ਕੀਤੀ ਚੰਦੇ ਦੀ ਰਾਸ਼ੀ ਉੱਤੇ ਅਧਿਕਾਰੀਆਂ ਨੇ ਟੈਕਸ ਅਤੇ ਦਰਾਮਦ ਟੈਕਸ ਵਿੱਚ ਛੋਟ ਦਾ ਭਰੋਸਾ ਦਿੱਤਾ ਹੈ। ਵੇਦਿਕਾ ਦਾ ਇਲਾਜ ਕਰ ਰਹੇ ਡਾਕਟਰਾਂ ਨੇ ਅਮਰੀਕੀ ਫਾਰਮਾਂ ਕੰਪਨੀ ਨਾਲ ਦੁਨੀਆ ਦੀ ਇਸ ਸਭ ਤੋਂ ਮਹਿੰਗੀ ਦਵਾਈ ਦੀ ਦਰਾਮਦ ਲਈ ਗੱਲ ਕਰ ਲਈ ਹੈ।

# ਚੀਨ ਦੇ ਅਰਬਪਤੀ ਜੈਕ ਮਾ ਦੀਆਂ ਮੁਸ਼ਕਲਾਂ ਹੋਰ ਵੀ ਵਧੀਆਂ

ਨਵੀਂ ਦਿੱਲੀ, 27 ਮਈ (ਪੋਸਟ ਬਿਊਰੋ)- ਚੀਨ ਦੀ ਪ੍ਰਸਿੱਧ ਈ-ਕਾਮਰਸ ਕੰਪਨੀ ਅਲੀਬਾਬਾ ਦੇ ਮੋਢੀ ਤੇ ਅਰਬਪਤੀ ਕਾਰੋਬਾਰੀ ਜੈਕ ਮਾ ਨੂੰ ਆਪਣੇ ਦੇਸ਼ ਦੀ ਸਰਕਾਰ ਨਾਲ ਟਕਰਾਉਣ ਦੀ ਕੀਮਤ ਭਰਨੀ ਪੈ ਰਹੀ ਹੈ।

ਇੱਕ ਰਿਪੋਰਟ ਮੁਤਾਬਕ ਜੈਕ ਮਾ ਮਸ਼ਹੂਰ ਬਿਜ਼ਨੈਸ ਸਕੂਲ ਦੇ ਪ੍ਰਧਾਨ ਦਾ ਅਹੁਦਾ ਛੱਡਣ ਲੱਗੇ ਹਨ। ਇਸ ਸਕੂਲ ਦੀ ਸਥਾਪਨਾ ਖੁਦ ਜੈਕ ਮਾ ਨੇ ਕੀਤੀ ਸੀ। ਚੀਨ ਦੇ ਰੈਗੂਲੇਟਰਸ ਨੇ ਅਲੀਬਾਬਾ ਦੀ ਫਿਨਟੈਕ ਕੰਪਨੀ ਦੀ ਜਾਂਚ ਕੀਤੀ ਅਤੇ ਉਸ ਉੱਤੇ ਭਾਰੀ ਜ਼ੁਰਮਾਨਾ ਲਾਇਆ ਸੀ। ਉਦੋਂ ਤੋਂ ਜੈਕ ਮਾ ਜਨਤਕ ਤੌਰ ਉੱਤੇ ਘੱਟ ਮਿਲੇ ਹਨ।ਉਨ੍ਹਾ ਨੇ 2015 ਵਿੱਚ ਆਪਣੇ ਹੋਮ ਟਾਊਨ ਹੈਂਗਜੂਤੋਂ ਹੁਪਾਨ ਯੂਨੀਵਰਸਿਟੀ ਸ਼ੁਰੂ ਕੀਤੀ ਸੀ। ਇਹ ਚੀਨ ਦੇ ਬਿਜ਼ਨੈਸ ਐਗਜ਼ੀਕਿਊਟਿਵਸ ਲਈ ਪ੍ਰਸਿੱਧ ਅਕੈਡਮੀ ਹੈ, ਪਰ ਸੂਤਰਾਂ ਮੁਤਾਬਕ ਇਸ ਸਕੂਲ ਨੇ ਆਪਣਾ ਨਾਂ ਬਦਲ ਦਿੱਤਾ ਅਤੇ ਆਪਣੇ ਸਿਲੇਬਸ ਵਿਚਬ-ਦਲਣ ਜਾ ਰਿਹਾ ਹੈ। ਪੁਰਨਗਠਨ ਪਿੱਛੋਂ ਨਵੀਂ ਸੰਸਥਾ ਵਿੱਚ ਜੈਕ ਮਾ ਲਈ ਕੋਈ ਥਾਂ ਨਹੀਂ ਰਹੀ। ਇਸਦਾ ਕਾਰਨ ਇਹ ਹੈ ਕਿ ਸਰਕਾਰ ਉਨ੍ਹਾਂ ਦੇ ਪ੍ਰਭਾਵ ਨੂੰ ਘੱਟ ਕਰਨਾ ਚਾਹੁੰਦੀ ਹੈ।ਜੈਕ ਮਾ ਨਾਲ ਕੰਮ ਕਰ ਚੁੱਕੇ ਇੱਕ ਵਿਅਕਤੀ ਨੇ ਕਿਹਾ ਕਿ ਹੁਪਾਨ ਇੱਕ ਏਲੀਟ ਕਮਿਊਨਿਟੀ ਵਾਂਗ ਹੋਣ ਕਰ ਕੇ ਸਰਕਾਰ ਦੇ ਨਿਸ਼ਾਨੇ ਉੱਤੇ ਹੈ। ਪਿਛਲੇ ਮਹੀਨੇ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਏ ਵੀਡੀਓਜ਼ ਵਿੱਚ ਮਜ਼ਦੂਰ ਹੁਪਾਨ ਯੂਨੀਵਰਸਿਟੀ ਦੇ ਸਾਈਨ ਹਟਾਉਂਦੇ ਦਿਖਾਈ ਦਿੱਤੇ ਸਨ। ਇੱਕ ਰਿਪੋਰਟ-ਮੁਤਾਬਕ ਹੁਪਾਨ ਯੂਨੀਵਰਸਿਟੀ ਨੇ ਸਰਕਾਰ ਦੇ ਦਬਾਅ ਤੋਂ ਬਾਅਦ ਨਵੇਂ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਬੰਦ ਕਰ ਦਿੱਤੀ। ਚੀਨ ਦੀ ਸਰਕਾਰ ਬੁਰੀ ਤਰ੍ਹਾਂ ਜੈਕ ਮਾ ਦੇ ਫਿਨਟੈਕ ਸਾਮਰਾਜ ਦੇ ਪਿੱਛੇ ਪਈ ਹੋਈ ਹੈ।

**ਵਰਕਰ ਦੀ ਲੋੜ**

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

**ਸੰਪਰਕ: 416-816-1695**

# ਸਮਰਾਲਾ ਵਿੱਚਅਕਾਲੀ ਆਗੂਆਂ ਦੀ ਬਗ਼ਾਵਤ, ਬਟਾਲੇ ਦਾ ਕਾਂਗਰਸੀ ਆਗੂ ਬਾਗੀ

## * ਦੋਵਾਂ ਪਾਰਟੀਆਂ ਦਾ ਇੱਕ ਇੱਕ ਸਾਬਕਾ ਵਿਧਾਇਕ ਬਾਗੀ

ਸਮਰਾਲਾ, 27 ਮਈ, (ਪੋਸਟ ਬਿਊਰੋ)- ਇਸ ਹਲਕੇ ਤੋਂ ਸਾਬਕਾਅਕਾਲੀ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਦੇ ਨਾਲ ਉਨ੍ਹਾਂ ਦੀ ਪਤਨੀ ਅਤੇ ਇਸਤਰੀ ਅਕਾਲੀ ਦਲ ਦੀ ਕੌਮੀ ਜਨਰਲ ਸੈਕਟਰੀ ਬਲਜਿੰਦਰ ਕੌਰ ਖੀਰਨੀਆਂ ਸਣੇ ਹਲਕੇ ਦੇ ਸੈਂਕੜੇ ਅਹੁਦੇਦਾਰਾਂ ਨੇ ਪਾਰਟੀ ਖ਼ਿਲਾਫ਼ ਬਗ਼ਾਵਤ ਦਾ ਝੰਡਾ ਉਠਾ ਲਿਆਤੇ ਆਪਣੇ ਸਾਥੀਆਂ ਨਾਲ ਇਸ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ੇ ਦੇ ਕੇ ਆਜ਼ਾਦ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ।

ਸਮਰਾਲਾ ਦੇ ਅਕਾਲੀ ਦਲ ਵਿੱਚ ਇਸ ਸਿਆਸੀ ਧਮਾਕੇ ਤੋਂ ਬਾਅਦ ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ ਬਰਜਿੰਦਰ ਸਿੰਘ ਬਬਲੂ ਲੋਪੋਂ ਨੇ ਸਾਰੇ ਸਰਕਲ ਪ੍ਰਧਾਨਾਂ ਤੇ ਸੀਨੀਅਰ ਅਹੁਦੇਦਾਰਾਂ ਸਮੇਤ ਅਸਤੀਫ਼ੇ ਦੇ ਕੇ ਅਕਾਲੀ ਦਲ ਨੂੰ ਝਟਕਾ ਦਿੱਤਾ ਤੇ ਨਵਾਂ ਹਲਕਾ ਇੰਚਾਰਜ ਨਾ ਬਦਲੇ ਜਾਣ ਤਕ ਘਰ ਬੈਠਣ ਦਾ ਫ਼ੈਸਲਾ ਕੀਤਾ ਹੈ। ਖਿਲਾਰਾਇਕੱਠਾ ਕਰਨ ਲਈ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਦੇ ਸਮਰੱਥਕਾਂ ਨੇ ਇਕੱਠ ਕਰਕੇ ਮੁਕਾਬਲੇ ਦਾ ਸ਼ਕਤੀ ਪ੍ਰਦਰਸ਼ਨ ਕੀਤਾ ਹੈ, ਜਿਸ ਕਾਰਨਅਕਾਲੀ ਦਲ ਸਮਰਾਲਾ ਹਲਕਾਵਿੱਚਇੱਕੋ ਵਕਤ ਤਿੰਨ-ਫਾੜ ਨਜ਼ਰ ਆਉਣ ਲੱਗ ਪਿਆ ਹੈ।

ਵਰਨਣ ਯੋਗ ਹੈ ਕਿ ਸਮਰਾਲਾ ਵਿੱਚ ਪਰਮਜੀਤ ਸਿੰਘ ਢਿੱਲੋਂ ਨੂੰ ਅਕਾਲੀ ਪਾਰਟੀਦਾਨਵਾਂ ਇੰਚਾਰਜ ਲਾਇਆ ਹੈ, ਜਿਸ ਦਾ ਕਾਂਗਰਸੀ ਪਿਛੋਕੜ ਤੋਂ ਹੋਣ ਕਰਕੇ ਖੀਰਨੀਆ ਪਰਿਵਾਰ ਤੇ ਸਮਰਥਕ ਆਗੂਆਂ ਨੇ ਉਸ ਨੂੰ ਪ੍ਰਵਾਨ ਨਹੀਂ ਕੀਤਾ। ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੇ ਟਕਸਾਲੀ ਵਰਕਰਾਂ ਨੂੰ ਅਣਗੌਲਿਆਂ ਕੀਤਾ ਹੈ। ਉਨ੍ਹਾਂ ਦਾ ਪਰਿਵਾਰ ਪਿਛਲੇ 60 ਸਾਲਾਂ ਤੋਂ ਪਾਰਟੀ ਨਾਲ ਜੁੜਿਆ ਹੈ ਅਤੇ ਉਨ੍ਹਾਂ ਦੇ ਸਵਰਗੀ ਪਿਤਾ ਕ੍ਰਿਪਾਲ ਸਿੰਘ ਖੀਰਨੀਆਂ ਅਤੇ ਖੁਦ ਉਨ੍ਹਾਂ ਨੇ ਦਸਵੀਂ ਜਮਾਤ ਵਿਚ ਪੜ੍ਹਨ ਸਮੇਂ ਪਾਰਟੀ ਲਈ ਜੇਲ੍ਹ ਕੱਟੀ, ਪਰ ਪਾਰਟੀ ਨੇ ਉਨ੍ਹਾਂ ਦੀਆਂ ਸੇਵਾਵਾਂ ਭੁਲਾ ਕਰ ਕੇ ਵਰਕਰਾਂ ਦੀ ਭਾਵਨਾਵਾਂ ਨਾਲ ਖ਼ਿਲਵਾੜ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਸਮਰਾਲਾ ਹਲਕੇ ਤੋਂ ਚੋਣ ਲੜਨਗੇ ਤੇ ਜਿੱਤਣ-ਗੇ।

ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਦਿਹਾਤੀ ਯੂਥ ਅਕਾਲੀ ਦਲ ਬਲਜਿੰਦਰ ਸਿੰਘ ਬਬਲੂ ਲੋਪੋ ਨੇ ਕੁਝ ਸਾਥੀਆਂ ਸਮੇਤ ਅਹੁਦਿਆਂ ਤੋਂ ਅਸਤੀਫ਼ੇ ਦੇਣ ਪਿੱਛੋਂਕਿਹਾ ਕਿ ਕਈ ਪਾਰਟੀਆਂ ਵੇਖ ਕੇ ਆਏ ਬੰਦੇ ਨੂੰ ਹਲਕਾ ਇੰਚਾਰਜ ਲਾਉਣ ਪਿੱਛੋਂਵਿਚਾਰ ਕਰਨ ਲਈ ਪਾਰਟੀ ਹਾਈਕਮਾਨ ਨੂੰ 10 ਦਿਨਾਂ ਦਾ ਅਲਟੀਮੇਟਮ ਦਿੱਤਾ ਸੀ। ਪਾਰਟੀ ਨੇਤਾਵਾਂ ਦਾ ਕੋਈ ਹੁੰਗਾਰਾ ਨਾ ਮਿਲਣ ਕਰਕੇ ਉਨ੍ਹਾਂ ਨੇ ਹੋਰ ਅਹੁਦੇਦਾਰਾਂ ਨਾਲ ਸਲਾਹ ਕਰਕੇ ਅਹੁਦਿਆਂ ਤੋਂ ਅਸਤੀਫ਼ੇ ਦਿੱਤੇ ਹਨ।

ਦੂਸਰੇ ਪਾਸੇ ਪੰਜਾਬ ਕਾਂਗਰਸਵਿੱਚ ਲਗਾਤਾਰ ਬਾਗ਼ੀ ਸੁਰ ਉੱਠ ਰਹੀਆਂ ਹਨ।ਇਸ ਵਾਰ ਬਟਾਲਾ ਤੋਂ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਅਸ਼ਵਨੀ ਸੇਖੜੀ ਨੇ ਐਲਾਨ ਕਰ ਦਿੱਤਾ ਹੈ ਕਿ ਜੇ ਪਾਰਟੀ ਨੇ ਉਨ੍ਹਾਂ ਨੂੰ ਟਿਕਟ ਨਾ ਦਿੱਤੀ ਤਾਂ ਵੀ ਬਟਾਲੇ ਤੋਂ ਚੋਣ ਲੜਨਗੇ। ਉਨ੍ਹਾਂ ਕਿਹਾ ਕਿ ਉਹ ਅਜੇ ਪਿਆਰ ਨਾਲ ਆਵਾਜ਼ ਉਠਾਈ ਹੈ, ਪਰ ਸਖ਼ਤ ਸਟੈਂਡ ਵੀ ਲੈ ਸਕਦੇ ਹਨ। ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਵਲੋਂ ਕੋਰੋਨਾ ਨਾਲ ਨਿਪਟਣ ਉੱਤੇ ਸਵਾਲ ਉਠਾਏ ਤੇ ਕਿਹਾ ਕਿ ਉਨ੍ਹਾਂ ਨੇਮੁੱਖ ਮੰਤਰੀ ਤੇ ਅਫਸਰਾਂ ਨੂੰ ਕਈ ਪੱਤਰ ਲਿਖੇ ਕਿ ਕਾਲਜਾਂਵਿੱਚ ਕੋਵਿਡ ਸੈਂਟਰ ਖੋਲ੍ਹੇ ਜਾਣ, ਬਹੁਤ ਸਾਰੇ ਹਸਪਤਾਲਾਂਵਿੱਚ ਲੋਕਾਂ ਨੂੰ ਕੋਰੋਨਾ ਵੈਕਸੀਨ ਦੇਣ ਲਈ ਸਰਿੰਜਾਂ ਵੀਨਹੀਂ ਹਨ। ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਦੀ ਮਦਦ ਲਈ ਤਿਆਰ ਸਾਂ, ਪਰ ਸਰਕਾਰ ਮਦਦ ਲੈਣ ਲਈ ਤਿਆਰ ਨਹੀਂ। ਉਨ੍ਹਾਂ ਕਿਹਾ ਕਿ ਸਰਕਾਰ ਕੋਵਿਡ-19 ਦੇ ਨਾਂਅ ਉੱਤੇ ਕੀਤੇ ਖ਼ਰਚ ਦਾ ਵੇਰਵਾ ਦੇਵੇ। ਉਨ੍ਹਾਂ ਮੁੱਖ ਮੰਤਰੀ ਤੋਂ ਇਸ ਮੁੱਦੇ ਉੱਤੇ ਪੰਜਾਬ ਕਾਂਗਰਸ ਅਤੇ ਏਥੋਂ ਤਕ ਕਿ ਆਲ ਪਾਰਟੀ ਮੀਟਿੰਗ ਬੁਲਾਉਣ ਦੀ ਮੰਗ ਕੀਤੀ ਅਤੇ ਕਿਹਾ ਕਿ ਆਪਣੇ ਆਪ ਨੂੰ ਬੇਸਹਾਰਾ ਮੰਨਦੇ ਹਨ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਕਾਲਾ ਦਿਵਸ, ਕਾਲੇ ਝੰਡੇ ਤੇ ਕ੍ਰਿਤੀ- ਕਿਸਾਨ !

ਦਿੱਲੀ ਦੀਆਂ ਸਰਹੱਦਾਂ ਤੇ ਜਾਰੀ ਕਿਸਾਨ ਅੰਦੋਲਨ ਨੂੰ 6 ਮਹੀਨੇ ਪੂਰੇ ਹੋਣ 'ਤੇ ਕਿਸਾਨਾਂ ਵਲੋਂ 26 ਮਈ ਨੂੰ 'ਕਾਲਾ ਦਿਵਸ' ਮਨਾਇਆ ਗਿਆ। ਪੂਰੇ ਭਾਰਤ ਵਿਚ ਕਈ ਥਾਂ ਭਾਰੀ ਇਕੱਠ ਹੋਏ ਨਾਲ ਹੀ ਲੋਕਾ ਨੇ ਆਪਣੇ ਘਰਾ ਤੇ ਕਾਲੇ ਝੰਡੇ ਲਹਿਰਾਏ। ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਸੰਘਰਸ਼ ਕਰ ਰਹੇ ਕਿਸਾਨਾਂ ਵਲੋਂ 26 ਨਵੰਬਰ, 2020 ਤੋਂ ਸ਼ੁਰੂ ਹੋਏ ਦੇਸ਼ ਵਿਆਪੀ ਕਿਸਾਨ ਅੰਦੋਲਨ ਦੌਰਾਨ ਅਨੇਕਾਂ ਹੀ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹੋਏ ਦੇਸ਼ ਦੇ ਰਾਜਧਾਨੀ ਦਿੱਲੀ 'ਚ ਲਗਾਤਾਰ ਡਟੇ ਹੋਏ ਹਨ ਨਾਲ ਹੀ ਕਿਸਾਨ ਅੰਦੋਲਨ ਨੇ ਪਿਛਲੇ 6 ਮਹੀਨਿਆਂ ਵਿਚ ਬਹੁਤ ਉਤਰਾ ਚੜਾਅ ਦੇਖੇ ਤੇ ਇਸ ਅੰਦੋਲਨ ਨੇ ਪੂਰੇ ਮੁਲਕ ਹੀ ਨਹੀਂ ਪੂਰੀ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਜੋ ਆਪਣੇ ਆਪ ਵਿਚ ਇਕ ਵੱਡੀ ਪ੍ਰਾਪਤੀ ਹੈ। ਪਿਛਲੇ 6 ਮਹੀਨਿਆਂ ਤੋਂ ਚੱਲ ਰਹੇ ਸ਼ਾਂਤਮਈ ਅੰਦੋਲਨ ਦੇ ਬਾਵਜੂਦ ਕੇਂਦਰ ਸਰਕਾਰ ਵਲੋਂ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਾ ਕਰਨ ਕਾਰਨ ਰੋਸ ਵਜੋਂ ਪੂਰੇ ਦੇਸ਼ 'ਚ ਕਿਸਾਨਾਂ ਵਲੋਂ 26, ਮਈ 2021 ਦਾ ਦਿਨ 'ਕਾਲੇ ਦਿਵਸ' ਵਜੋਂ ਮਨਾਇਆ ਗਿਆ। ਕਿਸਾਨ ਆਗੂਆਂ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ, ਵਾਹਨਾਂ ਤੇ ਹੋਰ ਥਾਵਾਂ 'ਤੇ ਕਾਲੇ ਝੰਡਾ ਲਹਿਰਾ ਕੇ ਕਾਲੇ ਦਿਵਸ ਨੂੰ ਮਨਾਉਣ, ਕਿਸਾਨੀ ਸੰਘਰਸ਼ ਦੀ ਜਿੱਤ ਯਕੀਨੀ ਬਣਾਉਣ ਲਈ ਮੁਲਕ ਦਾ ਹਰ ਵਰਗ ਅੱਗੇ ਆਵੇ, ਕਿਉਂ ਕਿ ਹੁਣ ਖੇਤੀ ਕਾਨੂੰਨਾਂ ਦੀ ਲੜਾਈ ਕਿਸਾਨਾਂ ਦੀ ਨਹੀਂ ਬਲਕਿ ਹਰ ਵਰਗ ਦੀ ਹੈ। ਲੋਕਾ ਵਲੋਂ ਵੀ ਇਸ 'ਕਾਲੇ ਦਿਵਸ' ਨੂੰ ਮਨਾਉਣ ਲਈ ਕਿਸਾਨਾ ਦਾ ਪੂਰਾ ਸਾਥ ਦਿੱਤਾ ਗਿਆ। ਲੋਕ ਦੇ ਨਾਲ-ਨਾਲ ਕਈ ਸਿਆਸੀ ਧਿਰਾਂ ਨੇ ਇਸ ਅੰਦੋਲਨ ਦੇ 6 ਮਹੀਨੇ ਪੂਰੇ ਹੋਣ ਤੇ ਮਨਾਏ ਗਏ ਕਾਲੇ ਦਿਵਸ ਦੀ ਹਮਾਇਤ ਕੀਤੀ। ਕਿਸਾਨ ਅੰਦੋਲਨ ਕਾਰਨ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਸਮੇਤ ਕਈ ਰਾਜਾ ਵਿਚ ਸਿਆਸਤ ਕਰ ਰਹੀਆਂ ਸਿਆਸੀ ਪਾਰਟੀਆਂ ਨੂੰ ਪ੍ਰਭਾਵਿਤ ਕੀਤਾ ਹੈ। ਕਈ ਥਾਈ ਸਿਆਸੀ ਧਿਰਾਂ ਨੇ ਵੀ ਕਾਲੇ ਝੰਡੇ ਲਹਿਰਾਏ। ਇਸ ਅੰਦੋਲਨ ਨੂੰ ਤੋੜਨ ਲਈ ਹੁਣ ਤੱਕ ਜਿੰਨੀਆਂ ਵੀ ਵਿਉਂਤਾਂ ਬੰਦੀਆਂ ਕੇਂਦਰ ਸਰਕਾਰ, ਸੂਬਾ ਸਰਕ-ਾਰਾ ਨੇ ਕੀਤੀਆਂ ਉਹ ਨਾਕਾਮ ਹੀ ਹੋਈਆਂ ਕਿਉ ਕਿ ਇਹ ਅੰਦੋਲਨ ਕਿਸੇ ਇਕ ਧਿਰ ਜਾ ਕਿਸੇ ਇਕ ਪਾਰਟੀ ਦਾ ਨਹੀਂ ਇਹ ਅੰਦੋਲਨ ਹਰ ਉਸ ਇਨਸਾਨ ਦਾ ਹੈ ਜੋ ਜਮੀਨ ਨਾਲ ਜੁੜਿਆ ਹੈ। ਹਰ ਵਰਗ ਦੇ ਲੋਕ ਜਾਤਾਂ-ਧਰਮਾਂ ਤੋਂ ਉੱਪਰ ਉੱਠ ਕੇ ਹੱਥਾਂ 'ਚ ਕਾਲੇ ਝੰਡੇ ਲਾਈ 'ਲੈ ਕਿਸਾਨ ਅੰਦੋਲਨ ਵਲੋਂ ਮਨਾਏ 'ਕਾਲੇ ਦਿਵਸ' ਦੀ ਹਮਾਇਤ ਕਰ ਰਹੇ ਹਨ। ਇਹ ਅੰਦੋਲਨ ਹੁਣ ਜਨ-ਅੰਦੋਲਨ ਬਣ ਗਿਆ ਹੈ ਤੇ ਜਦੋ ਤੱਕ ਖੇਤੀ ਕਾਨੂੰਨ ਪੂਰਨ ਤੋਰ ਤੇ ਰੱਦ ਨਹੀਂ ਹੁੰਦੇ ,ਉਦੋਂ ਤਕ ਅੰਦੋਲਨ ਜਾਰੀ ਰਹੇਗਾ। ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਆਪਣਾ ਅੜੀਅਲ ਵਤੀਰਾ ਛੱਡ ਕੇ ਇਹ ਖੇਤੀ ਕਾਨੂੰਨਾਂ ਨੂੰ ਰੱਦ ਕਾਰਦੇਣਾ ਚਾਹੀਦੇ ਹੈ । ਕੇਂਦਰ ਸਰਕਾਰ ਕਿਸਾਨ ਅੰਦੋਲਨ ਨੂੰ ਜਿੰਨਾ ਲਮਕਾਏਗੀ ਸਰਕਾਰ ਪ੍ਰਤੀ ਲੋਕਾ ਦਾ ਰੋਸ ਉਨਾਂ ਹੀ ਵੱਧਦਾ ਜਾਵੇਗਾ। ਹੁਣ ਤੱਕ ਕੇਂਦਰ ਸਰਕਾਰ ਤੇ ਕਿਸਾਨਾਂ ਜਥੇਬੰਦੀਆਂ ਵਿਚਾਲੇ 11 ਮੀਟਿੰਗਾਂ ਹੋਈਆਂ, ਜੋ ਹੁਣ ਤੱਕ ਬੇਸਿੱਟਾ ਰਹੀਆਂ । ਕਿਸਾਨ ਆਗੂਆਂ ਤੇ ਕੇਂਦਰ ਸਰਕਾਰ 'ਚ ਆਖ਼ਰੀ ਵਾਰ 22 ਜਨਵਰੀ 2021 ਨੂੰ ਗੱਲਬਾਤ ਹੋਈ ਸੀ, ਜਿਸ 'ਚ ਸਰਕਾਰ ਨੇ ਡੇਢ ਸਾਲ ਤੱਕ ਕਾਨੂੰਨਾਂ 'ਤੇ ਰੋਕ ਲਾਉਣ ਦਾ ਪ੍ਰਸਤਾਵ ਦਿੱਤਾ ਸੀ, ਜਿਸ ਨੂੰ ਕਿਸਾਨ ਆਗੂਆਂ ਨੇ ਠੁਕਰਾ ਦਿੱਤਾ ਸੀ . ਕਿਸਾਨ ਆਗੂਆਂ ਵਲੋਂ ਸਰਕਾਰ ਨੂੰ ਬਾਰ-ਬਾਰ ਕਿਹਾ ਜਾ ਰਿਹਾ ਕਿ ਇਹ ਨਵੇਂ ਤਿੰਨ ਖੇਤੀ ਕਾਨੂੰਨ ਮੌਜੂਦਾ ਕਿਸਾਨੀ ਵਿਚ ਕੋਈ ਸੁਧਾਰ ਨਹੀਂ ਕਰਨਗੇ ਬਲਕਿ ਖੇਤੀਬਾੜੀ ਸੈਕਟਰ ਨੂੰ ਪੂਰੀ ਤਰਾਂ ਤਬਾਹ ਕਰ ਦੇਣਗੇ। ਸਦੀਆਂ ਤੋਂ ਚੱਲੀ ਆ ਰਹੀ ਕਿਸਾਨਾ ਦੀ ਖੇਤ ਮਜ਼ਦੂਰ ਤੇ ਆੜਤੀਆਂ ਨਾਲ ਸਾਂਝ ਵੀ ਖਤਮ ਇਨ੍ਹਾਂ ਕਾਨੂੰਨ ਕਾਰਨ ਹੋ ਜਾਵੇਗੀ, ਹੋਲੀ -ਹੋਲੀ ਇਸ ਕਾਨੂੰਨ ਦਾ ਮਾੜਾ ਭਰ-ਭਾਵ ਸਭ ਤੇ ਪਵੇਗਾ ,ਪ੍ਰੰਤੂ ਪਤਾ ਨਹੀਂ ਕਿਉਂ ਕੇਂਦਰ ਸਰਕਾਰ ਇਸ ਨੂੰ ਸਮਝ ਨਹੀਂ ਰਹੀ। ਅੰਦੋਲਨ ਕਰ ਰਹੇ ਕਿਸਾਨ ਹੁਣ ਲੰਬੇ ਚੱਲ ਰਹੇ ਅੰਦੋਲਨ ਨੂੰ ਦੇਖਦੇ ਹੋਏ ਸਮੇਂ-ਸਮੇਂ 'ਤੇ ਨਵੀਆਂ ਨੀਤੀਆਂ ਨਾਲ ਅੰਦੋਲਨ ਨੂੰ ਅੱਗੇ ਲਿਜਾ ਰਹੇ ਹਨ ਕਿਸਾਨ ਅੰਦੋਲਨ ਵਲੋਂ ਮਨਾਏ 'ਕਾਲੇ ਦਿਵਸ' ਨੂੰ ਹਰ ਵਰਗ ਦੇ ਲੋਕ ਪੂਰਨ ਤੋਰ ਤੇ ਸਮ੍ਰਪਿਤ ਨਜ਼ਰ ਆਏ ਜੋ ਕਿ ਕਿਸਾਨ ਅੰਦੋਲਨ ਦੀ ਜਿੱਤ ਦੀ ਨਿਸ਼ਾਨੀ ਹੈ ।



ਹਰਮਨਪ੍ਰੀਤ ਸਿੰਘ

ਸੌ ਮੇਰੇ ਦੇਸ਼ ਦੇ ਕ੍ਰਿਤੀ ਕਿਸਾਨੋ ਆਪਾਂ,
ਨਾ ਅੱਕਣਾ... ਨਾ ਥੱਕਣਾ....
ਰੱਬ ਰਾਖਾ।

ਹਰਮਨਪ੍ਰੀਤ ਸਿੰਘ ,
ਸਰਹਿੰਦ , ਜ਼ਿਲ੍ਹਾ : ਫ਼ਤਹਿਗੜ੍ਹ ਸਾਹਿਬ,
ਸੰਪਰਕ : 98550 10005

# 'ਜ਼ਮਾਨਤ', ਕੀ ਇਹ ਦੋਸ਼ੀ ਦਾ ਹੱਕ ਹੈ ?

ਜਦੋਂ ਵੀ ਕਿਸੇ ਵਿਅਕਤੀ ਦੀ ਗ੍ਰਿਫ਼ਤਾਰੀ ਦੀ ਗੱਲ ਆਉਂਦੀ ਹੈ ਤਾਂ ਉਸ ਵਿਅਕਤੀ ਦੇ ਦਿਮਾਗ ਵਿਚ ਸਭ ਤੋਂ ਪਹਿਲਾਂ ਜ਼ਮਾਨਤ ਸ਼ਬਦ ਆਉਂਦਾ ਹੈ। "ਜ਼ਮਾਨਤ" ਦਾ ਅਰਥ ਹੈ ਗ੍ਰਿਫ਼ਤਾਰ ਜਾਂ ਕੈਦ ਕੀਤੇ ਵਿਅਕਤੀ ਨੂੰ ਉਸ ਦੀ ਭਵਿੱਖ ਵਿਚ ਪੁਲਿਸ ਅੱਗੇ ਜਾਂ ਅਦਾਲਤ ਵਿਚ ਹਾਜ਼ਰੀ ਲਈ ਸਕਿਉਰਿਟੀ ਦੇਣ ਤੇ ਰਿਹਾਅ ਕਰਨਾ। ਫ਼ੌਜਦਾਰੀ ਮੁਕੱਦਮਿਆਂ ਵਿਚ ਜ਼ਮਾਨਤ ਬਾਰੇ ਜ਼ਾਬਤਾ ਫ਼ੌਜਦਾਰੀ ਸੰਘਤਾ ,1973 ਦੇ ਕਾਂਡ 33( ਧਾਰਾ 436 ਤੋਂ 450) ਵਿਚ ਲਿਖਿਆ ਗਿਆ ਹੈ। ਇਸ ਐਕਟ ਵਿੱਚ ਮੁਕੱਦਮਿਆਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ -- ਜ਼ਮਾਨਤਯੋਗ ਮੁਕੱਦਮੇ ਅਤੇ ਗ਼ੈਰ ਜ਼ਮਾਨਤੀ ਮੁਕੱਦਮੇ।

ਜ਼ਮਾਨਤਯੋਗ ਅਪਰਾਧ ਉਕਤ ਐਕਟ ਦੀ ਧਾਰਾ 436 ਦੇ ਅਧੀਨ ਆਉਂਦੇ ਹਨ । ਇਸ ਧਾਰਾ ਅਨੁਸਾਰ ਜਦੋਂ ਕਿਸੇ ਜ਼ਮਾਨਤਯੋਗ ਅਪਰਾਧ ਲਈ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਉਹ ਉਸੇ ਪੁਲਿਸ ਅਫ਼ਸਰ ਅੱਗੇ( ਜਿਸ ਦੁਆਰਾ ਉਸ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ) ਜਾਂ ਜੱਜ ਅੱਗੇ ਜ਼ਮਾਨਤ ਦੀ ਅਰਜ਼ੀ ਲਗਾ ਸਕਦਾ ਹੈ। ਜ਼ਮਾਨਤਯੋਗ ਅਪਰਾਧਾਂ ਵਿਚ ਜ਼ਮਾਨਤ ਦੋਸ਼ੀ ਦਾ ਹੱਕ ਹੁੰਦਾ ਹੈ। ਜੇਕਰ ਉਹ ਜ਼ਮਾਨਤਨਾਮਾ ਦੇਣ ਲਈ ਤਿਆਰ ਹੈ ਤਾਂ ਪੁਲਿਸ ਅਫ਼ਸਰ ਜਾਂ ਜੱਜ ਉਸਨੂੰ ਜ਼ਮਾਨਤ ਦੇਣ ਤੋਂ ਇਨਕਾਰ ਨਹੀਂ ਕਰ ਸਕਦਾ । ਇੱਥੋਂ ਤੱਕ ਕਿ ਧਾਰਾ 50(2) ਅਨੁਸਾਰ ਪੁਲਿਸ ਅਫ਼ਸਰ ਦਾ ਫ਼ਰਜ਼ ਹੁੰਦਾ ਹੈ ਕਿ ਉਹ ਦੋਸ਼ੀ ਨੂੰ ਉਸ ਦੇ ਇਸ ਹੱਕ ਤੋਂ ਜਾਣੂ ਕਰਵਾਏ। ਉਹ ਵੱਖਰੀ ਗੱਲ ਹੈ ਕਿ ਜੇਕਰ ਦੋਸ਼ੀ ਬਾਅਦ ਵਿੱਚ ਜ਼ਮਾਨਤਨਾਮੇ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਦੀ ਜ਼ਮਾਨਤ ਅਦਾਲਤ ਦੁਆਰਾ ਰੱਦ ਕੀਤੀ ਜਾ ਸਕਦੀ ਹੈ ਅਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਕੈਦ ਵਿੱਚ ਰੱਖਿਆ ਜਾ ਸਕਦਾ ਹੈ।

ਦੂਜੇ ਹੱਥ ਜ਼ਮਾਨਤੀ ਅਪਰਾਧਾਂ ਦੇ ਉਲਟ ਗ਼ੈਰ ਜ਼ਮਾਨਤੀ ਅਪਰਾਧਾਂ ਵਿੱਚ " ਜ਼ਮਾਨਤ" ਲੈਣਾ ਦੋਸ਼ੀ ਦਾ ਹੱਕ ਨਹੀਂ ਹੁੰਦਾ। ਇਹ ਜੱਜ ਦੀ ਇੱਛਾ ਉੱਪਰ ਨਿਰਭਰ ਕਰਦਾ ਹੈ ਕਿ ਉਸਨੇ ਜ਼ਮਾਨਤ ਦੇਣੀ ਹੈ ਜਾਂ ਨਹੀਂ। ਉਸਦੀ ਇਹ ਇੱਛਾ ਮੁਕੱਦਮੇ ਦੇ ਤੱਥਾਂ ਉੱਪਰ ਨਿਰਭਰ ਕਰਦੀ ਹੈ। ਉਹ ਦੇਖਦਾ ਹੈ ਕਿ ਅਪਰਾਧ ਕਿੰਨਾ ਕੁ ਸੰਗੀਨ ਹੈ, ਜੇਕਰ ਦੋਸ਼ੀ ਨੂੰ ਜ਼ਮਾਨਤ ਦਿੱਤੀ ਜਾਂਦੀ ਹੈ ਤਾਂ ਕੀ ਉਹ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਆਦਿ ਇਹਨਾਂ ਸਭ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਜੱਜ ਦੇਖਦਾ ਹੈ ਕਿ ਜ਼ਮਾਨਤ ਦੇਣੀ ਚਾਹੀਦੀ ਹੈ ਜਾਂ ਨਹੀਂ। ਗ਼ੈਰ ਜ਼ਮਾਨਤੀ ਅਪਰਾਧਾਂ ਵਿੱਚ ਜ਼ਮਾਨਤ ਦੇ ਮੁੱਦੇ ਉਕਤ ਐਕਟ ਦੀ ਧਾਰਾ 437 ਦੇ ਅਧੀਨ ਆਉਂਦੇ ਹਨ। ਭਾਵੇਂ ਗ਼ੈਰ ਜ਼ਮਾਨਤੀ ਅਪਰਾਧਾਂ ਵਿਚ ਜੱਜ ਦੀ ਮਰਜ਼ੀ ਹੁੰਦੀ ਹੈ ਕਿ ਜ਼ਮਾਨਤ ਦੇਣੀ ਹੈ ਜਾਂ ਨਹੀਂ ਪਰ ਕਈ ਵਾਰ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਗ਼ੈਰ ਜ਼ਮਾਨਤਯੋਗ ਅਪਰਾਧਾਂ ਵਿਚ ਵੀ ਜ਼ਮਾਨਤ ਦੋਸ਼ੀ ਦਾ ਹੱਕ ਬਣ ਜਾਂਦਾ ਹੈ। ਇਸ ਦੀ ਸਭ ਤੋਂ ਮੁੱਖ ਉਦਾਹਰਣ ਹੈ ਡਿਫਾਲਟ ਬੇਲ ( )।

ਜ਼ਾਬਤਾ ਫ਼ੌਜਦਾਰੀ ਸੰਘਤਾ, 1973 ਦੀ ਧਾਰਾ 57 ਅਨੁਸਾਰ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਉਸਨੂੰ 24 ਘੰਟਿਆ ਵਿਚ ਜੱਜ ਸਾਹਮਣੇ ਪੇਸ਼ ਕਰਨਾ ਹੁੰਦਾ ਹੈ। ਜੇਕਰ ਪੁਲਿਸ ਨੂੰ ਇਹ ਲੱਗਦਾ ਹੈ ਕਿ ਗ੍ਰਿਫ਼ਤਾਰੀ ਤੋਂ 24 ਘੰਟਿਆਂ ਵਿਚ ਦੋਸ਼ੀ ਤੋਂ ਪੁੱਛ ਗਿੱਛ ਪੂਰੀ ਨਹੀਂ ਹੋਈ ਅਤੇ ਹੋਰ ਪੁੱਛ ਗਿੱਛ ਕਰਨੀ ਬਾਕੀ ਹੈ ਤਾਂ ਦੋਸ਼ੀ ਨੂੰ ਜੱਜ ਸਾਹਮਣੇ ਪੇਸ਼ ਕਰਨ ਸਮੇਂ ਪੁਲਿਸ ਅਫਸਰ ਜੱਜ ਅੱਗੇ ਹੋਰ ਸਮੇਂ ਲਈ ਪੁਲਿਸ ਹਿਰਾਸਤ ਦੀ ਅਰਜ਼ੀ ਲਾ ਸਕਦਾ ਹੈ ਅਤੇ ਜੇਕਰ ਜੱਜ ਨੂੰ ਪੁਲਿਸ ਦੇ ਬਿਆਨਾਂ ਅਤੇ ਮੁਕੱਦਮੇ ਦੇ ਤੱਥਾਂ ਨੂੰ ਵੇਖ ਕੇ ਲੱਗਦਾ ਹੈ ਕਿ ਦੋਸ਼ੀ ਨੂੰ ਹੋਰ ਪੁਲਿਸ ਹਿਰਾਸਤ ਵਿਚ ਰੱਖਣਾ ਜ਼ਰੂਰੀ ਹੈ ਤਾਂ ਉਹ ਦੋਸ਼ੀ ਨੂੰ ਦੁਬਾਰਾ ਪੁਲਿਸ ਹਿਰਾਸਤ ਵਿਚ ਭੇਜ ਸਕਦਾ ਸਕਦਾ ਹੈ ਅਤੇ ਜੇਕਰ ਜੱਜ ਨੂੰ ਲੱਗਦਾ ਹੈ ਕਿ ਪੁਲਿਸ ਹਿਰਾਸਤ ਦੀ ਲੋੜ ਨਹੀਂ ਤਾਂ ਉਹ ਦੋਸ਼ੀ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੰਦਾ ਹੈ । ਇੱਥੇ ਧਿਆਨਯੋਗ ਗੱਲ ਇਹ ਹੈ ਕਿ ਜੱਜ ਸਿਰਫ਼ ਇਸ ਅਨੁਸਾਰ ਨਹੀਂ ਚੱਲਦਾ ਕਿ ਪੁਲਿਸ ਅਫ਼ਸਰ ਕੀ ਚਾਹੁੰਦਾ ਹੈ , ਜੱਜ ਆਪਣੀ ਸੂਝ ਬੂਝ ਨਾਲ ਅਤੇ ਸਾਰੇ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਚਾਰਦਾ ਹੈ ਕਿ ਦੋਸ਼ੀ ਨੂੰ ਪੁਲਿਸ ਹਿਰਾਸਤ ਵਿਚ ਭੇਜਣਾ ਹੈ ਜਾਂ ਨਿਆਂਇਕ ਹਿਰਾਸਤ ਵਿਚ । ਜੱਜ ਚਾਹੇ ਤਾਂ ਦੋਸ਼ੀ ਨੂੰ ਜ਼ਮਾਨਤ ਤੇ ਵੀ ਛੱਡ ਸਕਦਾ ਹੈ। ਧਾਰਾ 167 (1) ਅਨੁਸਾਰ ਅਦਾਲਤ ਦੋਸ਼ੀ ਨੂੰ ਕੁੱਲ 15 ਦਿਨ ਤੋਂ ਵੱਧ ਪੁਲਿਸ ਹਿਰਾਸਤ ਵਿਚ ਨਹੀਂ ਭੇਜ ਸਕਦੀ। ਉਹ ਦੋਸ਼ੀ ਨੂੰ ਇਕੱਠੇ 15 ਦਿਨ ਜਾਂ ਵੰਡ ਵੰਡ ਕੇ ਕੁੱਲ 15 ਦਿਨ ਤਕ ਪੁਲਿਸ ਹਿਰਾਸਤ ਵਿੱਚ ਭੇਜ ਸਕਦੀ ਹੈ। ਜੇਕਰ ਦੋਸ਼ੀ ਨੂੰ ਥੋੜ੍ਹੇ ਦਿਨ ਅਰਥਾਤ 15 ਦਿਨ ਤੋਂ ਘੱਟ ਲਈ ਪੁਲਿਸ ਹਿਰਾਸਤ ਵਿਚ ਭੇਜਿਆ ਗਿਆ ਹੈ ਅਤੇ ਉਹ ਸਮਾਂ ਖ਼ਤਮ ਹੋਣ ਤੋਂ ਪਹਿਲਾਂ ਜੇ ਪੁਲਿਸ ਨੂੰ ਲੱਗਦਾ ਹੈ ਕਿ ਹੋਰ ਪੁਲਿਸ ਹਿਰਾਸਤ ਚਾਹੀਦੀ ਹੈ ਤਾਂ ਉਹ ਦੁਬਾਰਾ ਜੱਜ ਅੱਗੇ ਇਸ ਲਈ ਅਰਜ਼ੀ ਲਾਵੇਗਾ । ਜਦੋਂ ਜਦੋਂ ਪੁਲਿਸ ਹਿਰਾਸਤ ਲਈ ਪੁਲਿਸ ਦੁਆਰਾ ਅਰਜ਼ੀ ਲਾਈ ਜਾਂਦੀ ਹੈ ਹਰ ਵਾਰ ਅਰਜ਼ੀ ਨਾਲ ਦੋਸ਼ੀ ਨੂੰ ਜੱਜ ਅੱਗੇ ਪੇਸ਼ ਕਰਨਾ ਜ਼ਰੂਰੀ ਹੁੰਦਾ ਹੈ।



ਐਡਵੋਕੇਟ
ਜਸ਼ਨਦੀਪ ਤਰੀਕਾ
ਪਿੰਡ ਅਰਨੀਵਾਲਾ
ਸ਼ੇਖ ਸ਼ੁਭਾਨ
ਮੋਬਾਇਲ ਨੰਬਰ
9501995829

ਧਾਰਾ 167(1) ਅਨੁਸਾਰ ਮੁਕੱਦਮੇ ਦੀ ਜਾਂਚ ਦੌਰਾਨ ਜੱਜ ਦੋਸ਼ੀ ਨੂੰ ਪੁਲਿਸ ਅਤੇ ਨਿਆਂਇਕ ਹਿਰਾਸਤ ਮਿਲਾ ਕੇ ਵੱਧ ਤੋਂ ਵੱਧ 60 ਜਾਂ 90 ਦਿਨ ਵਾਸਤੇ ਭੇਜ ਸਕਦਾ ਹੈ। ਇੱਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਜੱਜ ਦੋਸ਼ੀ ਨੂੰ ਪਹਿਲੇ ਪੰਦਰਾਂ ਦਿਨ ਵਿੱਚ ਹੀ ਪੁਲਿਸ ਹਿਰਾਸਤ ਲਈ ਭੇਜ ਸਕਦਾ । ਇਸ ਦਾ ਮਤਲਬ ਜੇਕਰ ਪਹਿਲੇ 15 ਦਿਨਾਂ ਵਿਚ ਦੋਸ਼ੀ ਨੂੰ ਪੁਲਿਸ ਹਿਰਾਸਤ ਵਿਚ ਨਹੀਂ ਭੇਜਿਆ ਗਿਆ ਤਾਂ ਬਾਕੀ ਦੇ 60 ਜਾਂ 90 ਦਿਨਾਂ ਵਿਚੋਂ ਰਹਿੰਦੇ 45 ਜਾਂ 75 ਦਿਨਾਂ ਵਿਚ ਜੱਜ ਦੋਸ਼ੀ ਨੂੰ ਸਿਰਫ਼ ਨਿਆਂਇਕ ਹਿਰਾਸਤ ਵਿਚ ਹੀ ਭੇਜ ਸਕਦਾ ਹੈ। 60 ਦਿਨ ਉਹਨਾਂ ਮੁਕੱਦਮਿਆਂ ਲਈ ਹੈ ਜਿਨ੍ਹਾਂ ਵਿੱਚ ਸਜ਼ਾ 10 ਸਾਲ ਤੋਂ ਘੱਟ ਹੈ ਅਤੇ 90 ਦਿਨ ਬਾਕੀ ਮੁਕੱਦਮਿਆਂ ਲਈ ਹੈ ਅਰਥਾਤ ਜਿਨ੍ਹਾਂ ਮੁਕੱਦਮਿਆਂ ਵਿਚ ਸਜ਼ਾ 10 ਜਾਂ 10 ਸਾਲ ਤੋਂ ਵੱਧ ਜਾਂ ਤਾਉਮਰ ਜਾਂ ਮੌਤ ਹੈ। ਧਾਰਾ 167(2) ਅਨੁਸਾਰ ਜੇਕਰ ਦੋਸ਼ੀ ਉਕਤ 60 ਜਾਂ 90 ਦਿਨ ਲਗਾਤਾਰ ਹਿਰਾਸਤ ਵਿਚ ਰਿਹਾ ਹੈ ਅਰਥਾਤ ਉਸਨੂੰ ਜ਼ਮਾਨਤ ਨਹੀਂ ਮਿਲੀ ਅਤੇ ਪੁਲਿਸ ਇਹਨਾਂ 60 ਜਾਂ 90 ਦਿਨਾਂ ਵਿਚ ਜਾਂਚ ਪੂਰੀ ਕਰਕੇ ਚਲਾਨ ਪੇਸ਼ ਨਹੀਂ ਕਰਦੀ ਤਾਂ ਦੋਸ਼ੀ ਕੋਲ ਜ਼ਮਾਨਤ ਦਾ ਹੱਕ ਆ ਜਾਂਦਾ ਹੈ। ਇਸ ਜ਼ਮਾਨਤ ਨੂੰ ਡਿਫਾਲਟ ਬੇਲ( ) ਵਜੋਂ ਜਾਣਿਆ ਜਾਂਦਾ ਹੈ। "" ਦਾ ਅਰਥ ਹੁੰਦਾ ਹੈ 'ਕੁਤਾਹੀ' ।ਇਸ ਜ਼ਮਾਨਤ ਦਾ ਹੱਕ ਦੋਸ਼ੀ ਕੋਲ ਪੁਲਿਸ ਦੀ ਕੁਤਾਹੀ ਕਰਕੇ ਪੈਦਾ ਹੁੰਦਾ ਹੈ ਅਰਥਾਤ 60 ਜਾਂ 90 ਦਿਨ ਵਿਚ ਜਾਂਚ ਪੂਰੀ ਕਰਕੇ ਚਲਾਨ ਪੇਸ਼ ਨਾ ਕਰਨ ਕਰਕੇ ਪੈਦਾ ਹੁੰਦਾ ਹੈ ਇਸ ਕਰਕੇ ਇਸ ਜ਼ਮਾਨਤ ਨੂੰ ਦਾ ਨਾਮ ਦਿੱਤਾ ਗਿਆ ਹੈ। ਜੇ 60 ਜਾਂ 90 ਦਿਨ ਬੀਤ ਜਾਣ ਤੋਂ ਬਾਅਦ ਅਜੇ ਚਲਾਨ ਪੇਸ਼ ਨਹੀਂ ਹੋਇਆ ਅਤੇ ਦੋਸ਼ੀ ਨੇ ਧਾਰਾ 167(2) ਅੰਦਰ ਜੱਜ ਕੋਲ ਜ਼ਮਾਨਤ ਦੀ ਅਰਜ਼ੀ ਲਾ ਦਿੱਤੀ ਹੈ ਤਾਂ ਜੱਜ ਨੂੰ ਦੋਸ਼ੀ ਨੂੰ ਜ਼ਮਾਨਤ ਤੇ ਛੱਡਣਾ ਪਵੇਗਾ ਕਿਉਂਕਿ ਹੁਣ ਜ਼ਮਾਨਤ ਲੈਣਾ ਉਸਦਾ ਹੱਕ ਬਣ ਚੁੱਕਾ ਹੈ । ਉਦਹਾਰਣ ਵਜੋਂ ਫ਼ਰਜ਼ ਕਰੋ ਕਿ ਕਿਸੇ " " ਵਿਅਕਤੀ ਨੂੰ ਕਿਸੇ ਦੋਸ਼ ਲਈ ਗ੍ਰਿਫ਼ਤਾਰ ਕਰਕੇ ਹਿਰਾਸਤ ਵਿਚ ਰੱਖਿਆ ਗਿਆ ਹੈ ਅਤੇ ਉਸਨੂੰ ਲਗਾਤਾਰ ਹਿਰਾਸਤ ਵਿਚ ( ਪੁਲਿਸ ਅਤੇ ਨਿਆਂਇਕ ਹਿਰਾਸਤ ਮਿਲਾ ਕੇ) 60 ਜਾਂ 90 ਦਿਨ ਪੂਰੇ ਹੋ ਗਏ ਹਨ ਅਤੇ ਅਜੇ ਤੱਕ ਪੁਲਿਸ ਦੁਆਰਾ ਚਲਾਨ ਨਹੀਂ ਪੇਸ਼ ਕੀਤਾ ਗਿਆ । 60 ਜਾਂ 90 ਦਿਨ ਤੋਂ ਬਾਅਦ ਚਲਾਨ ਪੇਸ਼ ਹੋਣ ਤੋਂ ਪਹਿਲਾਂ ਜੇਕਰ" " ਧਾਰਾ 167(2) ਅੰਦਰ ਜੱਜ ਅੱਗੇ ਜ਼ਮਾਨਤ ਦੀ ਅਰਜ਼ੀ ਲਗਾ ਦਿੰਦਾ ਹੈ ਤਾਂ ਜੱਜ ਨੂੰ ਉਸ ਨੂੰ ਜ਼ਮਾਨਤ ਤੇ ਛੱਡਣਾ ਪਵੇਗਾ ਪਰ ਸ਼ਰਤ ਇਹ ਹੈ ਕਿ " ਅ" ਜ਼ਮਾਨਤਨਾਮਾ ਦੇਣ ਲਈ ਤਿਆਰ ਹੋਵੇ। ਇੱਥੇ ਇਹ ਗੱਲ ਧਿਆਨ ਵਿੱਚ ਰੱਖਣੀ ਜ਼ਰੂਰੀ ਹੈ ਕਿ ਜੇਕਰ 60 ਜਾਂ 90 ਦਿਨ ਪੂਰੇ ਹੋ ਗਏ ਹਨ ਪਰ ਅਜੇ ਦੋਸ਼ੀ ਨੇ ਧਾਰਾ 167(2) ਅੰਦਰ ਜ਼ਮਾਨਤ ਲਈ ਅਰਜ਼ੀ ਨਹੀਂ ਲਾਈ ਅਤੇ ਉਸ ਤੋਂ ਪਹਿਲਾਂ ਪੁਲਿਸ ਨੇ ਚਲਾਨ ਪੇਸ਼ ਕਰ ਦਿੱਤਾ ਤਾਂ ਦੋਸ਼ੀ ਦਾ 167(2) ਅੰਦਰ ਜ਼ਮਾਨਤ ਲੈਣ ਦਾ ਹੱਕ ਖ਼ਤਮ ਹੋ ਜਾਵੇਗਾ ਕਿਉਂਕਿ ਕਿਹਾ ਜਾਂਦਾ ਹੈ ਕਿ ਜੋ ਲੋਕ ਆਪਣੇ ਹੱਕਾਂ ਲਈ ਸੁੱਤੇ ਰਹਿੰਦੇ ਹਨ ਤਾਂ ਅਦਾਲਤਾਂ ਵੀ ਉਹਨਾਂ ਦੀ ਮਦਦ ਨਹੀਂ ਕਰ ਸਕਦੀਆਂ । ਇਸ ਜ਼ਮਾਨਤ ਦਾ ਹੱਕ ਇਸ ਕਰਕੇ ਦਿੱਤਾ ਗਿਆ ਹੈ ਤਾਂ ਜੋ ਜਾਂਚ ਕਰਨ ਵਾਲੀ ਏਜੰਸੀ ਜਲਦ ਤੋਂ ਜਲਦ ਜਾਂਚ ਖ਼ਤਮ ਕਰਕੇ ਚਲਾਨ ਪੇਸ਼ ਕਰੇ ਤਾਂ ਜੋ ਦੋਸ਼ੀ ਦੇ ਸੰਵਿਧਾਨ ਦੀ ਧਾਰਾ 21 ਅੰਦਰਲੇ ਹੱਕਾਂ ਜਿਵੇਂ ਕਿ ਨਿੱਜੀ ਆਜ਼ਾਦੀ ਆਦਿ ਨੂੰ ਯਕੀਨੀ ਬਣਾਇਆ ਜਾ ਸਕੇ। ਜੇਕਰ ਕੋਈ ਦੋਸ਼ੀ ਧਾਰਾ 167(2) ਅੰਦਰ ਜ਼ਮਾਨਤ ਲਾਉਂਦਾ ਹੈ ਅਤੇ ਜੱਜ ਉਸ ਦੀ ਅਰਜ਼ੀ ਨੂੰ ਬਿਨਾਂ ਗੱਲ ਤੋਂ ਰੱਦ ਕਰ ਦਿੰਦਾ ਹੈ ਤਾਂ ਦੋਸ਼ੀ ਜੱਜ ਦੇ ਫ਼ੈਸਲੇ ਵਿਰੁੱਧ ਅਪੀਲ ਵਿਚ ਉੱਚ ਅਦਾਲਤ ਕੋਲ ਜਾ ਸਕਦਾ ਹੈ। ਜੇਕਰ ਇਸ ਅਪੀਲ ਦੇ ਚੱਲਦਿਆਂ ਪੁਲਿਸ ਚਲਾਨ ਪੇਸ਼ ਵੀ ਕਰ ਦਿੰਦੀ ਹੈ ਤਾਂ ਵੀ ਇਸ ਨਾਲ ਦੋਸ਼ੀ ਦੇ ਦੇ ਹੱਕ ਨੂੰ ਖੋਹਿਆ ਨਹੀਂ ਜਾ ਸਕਦਾ ਕਿਉਂਕਿ ਉਸ ਨੂੰ ਜ਼ਮਾਨਤ ਜੱਜ ਦੀ ਗ਼ਲਤੀ ਕਰਕੇ ਨਹੀਂ ਮਿਲੀ ਸੀ ਨਾ ਕਿ ਖ਼ੁਦ ਦੀ ਗ਼ਲਤੀ ਕਰਕੇ।

ਧਾਰਾ 167 (2) ਭਾਵੇਂ ਜ਼ਾਬਤਾ ਫ਼ੌਜਦਾਰੀ ਸੰਘਤਾ, 1973 ਦੇ ਕਾਂਡ 12 ਅਧੀਨ ਆਉਂਦੀ ਹੈ ਪਰ 167 ਵਿਚ ਲਿਖਿਆ ਗਿਆ ਹੈ ਕਿ ਇਸ ਧਾਰਾ ਅਧੀਨ ਦਿੱਤੀ ਜ਼ਮਾਨਤ ਨੂੰ ਇਸ ਤਰ੍ਹਾਂ ਮੰਨਿਆ ਜਾਵੇਗਾ ਜਿਵੇਂ ਕਿ ਇਹ ਜ਼ਮਾਨਤ ਕਾਂਡ 33 ਦੇ ਅੰਦਰ ਦਿੱਤੀ ਗਈ। ਇਸ ਦਾ ਪ੍ਰਭਾਵ ਇਹ ਪਵੇਗਾ ਕਿ ਜੇਕਰ ਕੱਲ੍ਹ ਨੂੰ ਦੋਸ਼ੀ ਜ਼ਮਾਨਤਨਾਮੇ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਦੀ ਧਾਰਾ 167(2) ਵਾਲੀ ਜ਼ਮਾਨਤ ਨੂੰ ਧਾਰਾ 437(5) ਅਧੀਨ ਮੈਜਿਸਟ੍ਰੇਟ ਦੁਆਰਾ ਅਤੇ ਧਾਰਾ 439(2) ਅਧੀਨ ਸੈਸ਼ਨ ਜੱਜ ਜਾਂ ਹਾਈ ਕੋਰਟ ਦੁਆਰਾ ਰੱਦ ਕੀਤਾ ਜਾ ਸਕਦਾ ਹੈ। ਪਰ 167(2) ਦੀ ਜ਼ਮਾਨਤ ਤੋਂ ਬਾਅਦ ਜੇਕਰ ਪੁਲਿਸ ਚਲਾਨ ਪੇਸ਼ ਕਰ ਦਿੰਦੀ ਹੈ ਤਾਂ ਸਿਰਫ਼ ਇਸ ਕਾਰਨ ਕਰਕੇ ਦੋਸ਼ੀ ਦੀ ਜ਼ਮਾਨਤ ਰੱਦ ਨਹੀਂ ਕੀਤੀ ਜਾ ਸਕਦੀ।

ਸੋ ਉਕਤ ਵਿਚਾਰ ਵਟਾਂਦਰੇ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਅਤੇ ਕਿੰਨ੍ਹਾਂ ਮੁਕੱਦਮਿਆਂ ਵਿੱਚ ਦੋਸ਼ੀ ਕੋਲ ਜ਼ਮਾਨਤ ਦਾ ਹੱਕ ਹੈ ਅਤੇ ਕਿੰਨ੍ਹਾਂ ਮੁਕੱਦਮਿਆਂ ਵਿੱਚ ਦੋਸ਼ੀ ਦੀ ਜ਼ਮਾਨਤ ਜੱਜ ਉਪਰ ਨਿਰਭਰ ਕਰਦੀ ਹੈ।

## ਹਲਕਾ ਫੁਲਕਾ

ਬੱਬੂ, "ਮੈਂ ਕਿਸੇ ਦੇ ਪੈਸੇ ਦੇਣੇ ਹਨ। ਇਸ ਚਿੰਤਾ ਵਿੱਚ ਮੈਂ ਰਾਤ ਨੂੰ ਸੌਂ ਵੀ ਨਹੀਂ ਸਕਿਆ।"
ਸ਼ਾਮ, "ਤੂੰ ਮੈਨੂੰ ਦੱਸਦਾ, ਮੈਂ ਤੇਰੀ ਮਦਦ ਕਰ ਦਿੰਦਾ।"
ਬੱਬੂ, "ਕੀ ਤੂੰ ਸੱਚਮੁੱਚ ਮੈਨੂੰ ਪੈਸੇ ਦੇ ਦਿੰਦਾ?"
ਸ਼ਾਮ, "ਨਹੀਂ। ਮੈਂ ਤੈਨੂੰ ਨੀਂਦ ਦੀਆਂ ਗੋਲੀਆਂ ਦੇ ਦਿੰਦਾ।"

*********

ਕਮਲ, "ਅੱਜ ਰਾਤ ਤੈਨੂੰ ਮੇਰੇ ਨਾਲ ਭੋਜਨ ਕਰਨ ਵਿੱਚ ਕੋਈ ਇਤਰਾਜ਼ ਤਾਂ ਨਹੀਂ?"
ਵੀਰੂ, "ਬਿਲਕੁਲ ਨਹੀਂ ਸਗੋਂ ਮੈਨੂੰ ਤਾਂ ਬਹੁਤ ਖ਼ੁਸ਼ੀ ਹੋਵੇਗੀ।"
ਕਮਲ, "...ਤਾਂ ਠੀਕ ਹੈ। ਮੈਂ ਰਾਤ ਨੂੰ ਠੀਕ ਅੱਠ ਵਜੇ ਤੇਰੇ ਘਰ ਖਾਣਾ ਖਾਣ ਆ ਰਿਹਾ ਹਾਂ।"

*********

ਕੇਸ ਦਾ ਫੈਸਲਾ ਸੁਣਾਉਂਦੇ ਹੋਏ ਜੱਜ ਨੇ ਮੁਜਰਿਮ ਤੋਂ ਪੁੱਛਿਆ, "ਕੀ ਤੂੰ ਪਹਿਲਾਂ ਕਦੇ ਜੇਲ੍ਹ ਗਿਆ ਏਂ?"
ਮੁਜਰਿਮ ਰੋਂਦੇ ਹੋਏ ਬੋਲਿਆ, "ਜੀ ਨਹੀਂ, ਮੈਂ ਪਹਿਲਾਂ ਕਦੇ ਜੇਲ੍ਹ ਨਹੀਂ ਗਿਆ।"
ਜੱਜ, "ਕੋਈ ਗੱਲ ਨਹੀਂ। ਰੋਂਦਾ ਕਿਉਂ ਏਂ, ਅੱਜ ਭੇਜ ਦਿੰਦੇ ਹਾਂ।"

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



KAMAL SANDHU
Sales Representative
647.891.0143

RE/MAX GOLD
realtorkamalsandhu@gmail.com
www.arearealtor.com


Looking For a Nest..? Call the Best




CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
EXCLUSIVE FOR SALE IN WOODSTOCK



EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'




KAMAL SANDHU RE/MAX GOLD REALTY INC BROKERAGE

# ਪੰਜਾਬ ਨੂੰ ਬੰਗਾਲ ਵਾਲੀ ਪਟੜੀ ਚਾੜ੍ਹਨ ਦੀਆਂ ਗੋਂਦਾਂ ਬਾਰੇ ਚਿੰਤਾ ਕਿਸ ਨੂੰ ਹੈ!

ਜਤਿੰਦਰ ਪੰਨੂ

ਬੇਸ਼ੱਕ ਸਾਰੇ ਦੇਸ਼ ਦਾ ਧਿਆਨ ਭਾਰਤ ਵਿੱਚ ਕੋਰੋਨਾ ਵਾਇਰਸ ਦੀ ਮਾਰ ਤੇ ਇਸ ਮਾਰ ਤੋਂ ਨਿਕਲੀ ਬਲੈਕ ਫੰਗਸ ਵਰਗੀ ਅਗਲੀ ਬਿਮਾਰੀ ਨੇ ਮੱਲ ਰੱਖਿਆ ਹੈ, ਓਦੋਂ ਪਿੱਛੋਂ ਵਾਈਟ ਫੰਗਸ ਵੀ ਨਿਕਲ ਆਈ ਹੈ, ਪਰ ਪੰਜਾਬ ਦੇ ਲੋਕਾਂ ਦਾ ਧਿਆਨ ਬਹੁਤਾ ਕਰ ਕੇ ਪੰਜਾਬ ਵਿੱਚ ਰਾਜ ਕਰਦੀ ਕਾਂਗਰਸ ਪਾਰਟੀ ਦੇ ਅੰਦਰੂਨੀ ਝੇੜੇ ਵੱਲ ਲੱਗਾ ਪਿਆ ਸੀ। ਇਸ ਭੇੜ ਦਾ ਮੁੱਢ ਨਵਜੋਤ ਸਿੰਘ ਸਿੱਧੂ ਦੇ ਟਵੀਟਸ ਅਤੇ ਫੇਸਬੁੱਕਾਂ ਪੋਸਟਾਂ ਨਾਲ ਨਹੀਂ ਸੀ ਬੱਝਾ, ਜਿਹੜੇ ਡੇਢ ਸਾਲ ਚੁੱਪ ਰਹਿ ਕੇ ਪਿਛਲੀ ਕਸਰ ਕੱਢਣ ਵਾਸਤੇ ਇਹੋ ਕੁਝ ਸਿੱਧੂ ਬੀਤੇ ਛੇ ਮਹੀਨਿਆਂ ਤੋਂ ਕਰਦਾ ਪਿਆ ਸੀ। ਲੜਾਈ ਕੋਟਕਪੂਰਾ ਕੇਸ ਦੀ ਵਿਸ਼ੇਸ਼ ਜਾਂਚ ਟੀਮ ਦੇ ਅਫਸਰ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਰਿਪੋਰਟ ਉੱਤੇ ਹਾਈ ਕੋਰਟ ਵੱਲੋਂ ਕਾਟਾ ਫੇਰ ਦੇਣ ਨਾਲ ਛਿੜੀ ਸੀ। ਓਦੋਂ ਦੋ ਦਿਨ ਪਿੱਛੋਂ ਪੰਜਾਬ ਕੈਬਨਿਟ ਦੀ ਮੀਟਿੰਗ ਵਿੱਚ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਮੁੱਦੇ ਦੇ ਰੋਸ ਵਜੋਂ ਅਸਤੀਫਾ ਲਿਖ ਕੇ ਫੜਾ ਦਿੱਤਾ ਸੀ। ਅਜੋਕੇ ਟਕਰਾਅ ਦਾ ਅਸਲੀ ਮੁੱਢ ਉਹ ਸੀ। ਅਗਲੀ ਕੜੀ ਉਹ ਸੀ, ਜਦੋਂ ਮੁੱਖ ਮੰਤਰੀ ਦੇ ਇੱਕ ਰਾਜਸੀ ਸਲਾਹਕਾਰ ਨੇ ਅੱਧੀ ਰਾਤ ਜਲੰਧਰ ਕੈਂਟ ਦੇ ਵਿਧਾਇਕ ਪ੍ਰਗਟ ਸਿੰਘ ਨੂੰ ਫੋਨ ਕਰ ਕੇ ਠੋਕ ਦੇਣ ਵਰਗੀ ਭਾਸ਼ਾ ਵਰਤੀ ਤੇ ਦੋ ਦਿਨ ਪਿੱਛੋਂ ਪ੍ਰਗਟ ਸਿੰਘ ਨੇ ਸਾਰਾ ਕੁਝ ਮੀਡੀਏ ਸਾਹਮਣੇ ਰੱਖ ਦਿੱਤਾ ਸੀ।

ਇਸ ਮਗਰੋਂ ਨਵਜੋਤ ਸਿੰਘ ਸਿੱਧੂ ਦੇ ਟਵੀਟ ਲਗਾਤਾਰ ਆਉਣ ਦੇ ਬਾਵਜੂਦ ਪਹਿਲਾਂ ਵਾਂਗ ਵਿਵਾਦ ਦਾ ਕੇਂਦਰ ਉਹ ਨਹੀਂ ਸੀ ਰਿਹਾ, ਵਿਵਾਦ ਦਾ ਅਖਾੜਾ ਚੰਡੀਗੜ੍ਹ ਬਣ ਗਿਆ ਸੀ, ਜਿੱਥੇ ਪੰਜ ਮੰਤਰੀਆਂ ਅਤੇ ਕੁਝ ਵਿਧਾਇਕਾਂ ਨਾਲ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਵੀ ਇੱਕ ਬੈਠਕ ਵਿੱਚ ਸ਼ਾਮਲ ਹੋ ਗਿਆ। ਉਹ ਜਾਇਜ਼ ਸਵਾਲ ਉਠਾਉਂਦੇ ਹਨ ਕਿ ਪਿਛਲੇ ਸਵਾ ਚਾਰ ਸਾਲਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਕੀਤੇ ਹੋਏ ਵਾਅਦਿਆਂ ਮੁਤਾਬਕ, ਤੇ ਖਾਸ ਕਰ ਕੇ ਬਰਗਾੜੀ ਦੇ ਬੇਅਦਬੀ ਕਾਂਡ, ਕੋਟਕਪੂਰਾ ਤੇ ਬਹਿਬਲ ਕਲਾਂ ਦੇ ਗੋਲੀ ਕਾਂਡਾਂ ਅਤੇ ਨਸ਼ੇ ਦੇ ਵਪਾਰੀਆਂ ਦੇ ਵਿਰੁੱਧ ਕਾਰਵਾਈ ਦੇ ਪੱਖੋਂ ਕੁਝ ਨਹੀਂ ਕੀਤਾ। ਏਥੋਂ ਹੀ ਇਹ ਗੱਲ ਨਿਕਲ ਆਈ ਕਿ ਸਾਹ-ਮਣੇ ਸਿਰ ਚੁੱਕੀ ਖੜੀਆਂ ਵਿਧਾਨ ਸਭਾ ਚੋਣਾਂ ਨੂੰ ਵੇਖਣ ਦੇ ਬਾਵਜੂਦ ਬਾਗੀ ਕਾਂਗਰਸੀ ਆਗੂ ਜਿਸ ਤਰ੍ਹਾਂ ਅੜੇ ਹੋਏ ਹਨ, ਇਸ ਨਾਲ ਕਾਂਗਰਸ ਪਾਰਟੀ ਚੋਣਾਂ ਵਿੱਚ ਕੁੱਦੇਗੀ ਤਾਂ ਸਿਵਾਏ ਕੁੱਟ ਖਾਣ ਤੋਂ ਇਸ ਦੇ ਪੱਲੇ ਕੁਝ ਨਹੀਂ ਪੈਣਾ। ਇਹ ਗੱਲ ਸ਼ਾਇਦ ਬਾਗੀ ਵੀ ਜਾਣਦੇ ਹਨ। ਫਿਰ ਵੀ ਜੇ ਉਹ ਅੜੇ ਹੋਏ ਹਨ ਤਾਂ ਇਸ ਕਰ ਕੇ ਨਹੀਂ ਕਿ ਉਹ ਕੈਪਟਨ ਕੋਲੋਂ ਗੱਦੀ ਖੋਹਣਾ ਚਾਹੁੰਦੇ ਹਨ, ਸਗੋਂ ਇਹ ਕਹਿ ਰਹੇ ਹਨ ਕਿ ਜੇ ਸਾਡੀ ਸਰਕਾਰ ਇਹੋ ਜਿਹੀ ਹੈ ਤਾਂ ਇਸ ਤੋਂ ਬਗੈਰ ਚੰਗੇ ਹਾਂ। ਲੋਕਾਂ ਕੋਲੋਂ ਮਿਹਣੇ ਲੈਣ ਦੀ ਥਾਂ ਉਨ੍ਹਾਂ ਨੂੰ ਸਾਰੇ ਅਹੁਦਿਆਂ ਦਾ ਸੁਖ ਛੱਡ ਕੇ ਸੜਕ ਸਵਾਰ ਹੋ ਜਾਣਾ ਵੀ ਠੀਕ ਲੱਗਣ ਲੱਗ ਪਿਆ ਹੈ ਤੇ ਇਸ ਗੱਲ ਬਾਰੇ ਉਹ ਸੋਚਣਾ ਹੀ ਨਹੀਂ ਚਾਹੁੰਦੇ ਕਿ ਇਸ ਤਰ੍ਹਾਂ ਪੈਦਾ ਹੋਏ ਖਲਾਅ ਦੌਰਾਨ ਏਥੇ ਬੰਗਾਲ ਵਰਗਾ ਵੀ ਕੁਝ ਵਾਪਰ ਸਕਦਾ ਹੈ।

ਜੀ ਹਾਂ, ਸਾਨੂੰ ਇਸ ਦੇ ਸੰਕੇਤ ਮਿਲਦੇ ਪਏ ਹਨ ਕਿ ਪੰਜਾਬ ਵਿੱਚ ਬੰਗਾਲ ਦੀ ਬਾਜ਼ੀ ਦੁਹਰਾਉਣ ਲਈ ਭਾਜਪਾ ਦੇ ਮੋਹਰੇ ਮੈਦਾਨ ਵਿੱਚ ਨਿਕਲ ਚੁੱਕੇ ਹਨ। ਦੋ ਸਾਲ ਪਹਿਲਾਂ ਚੰਡੀਗੜ੍ਹ ਪ੍ਰੈੱਸ ਕਲੱਬ ਦੀ ਚੋਣ ਜਿੱਤਣ ਵਾਲੀ ਇੱਕ ਖਾਸ ਧਿਰ ਨੇ ਜਦੋਂ ਮੋਦੀ ਦੀ ਜੈ-ਜੈਕਾਰ ਦੇ ਨਾਅਰੇ ਲਾਏ ਸਨ,



ਜਿਹੋ ਜਿਹੇ ਪਹਿਲਾਂ ਕਦੇ ਨਹੀਂ ਸੀ ਲੱਗੇ, ਉਹ ਸ਼ੁਰੂਆਤ ਸੀ ਅਤੇ ਅਗਲੇ ਪੜਾਅ ਵਿੱਚ ਉਨ੍ਹਾਂ ਦੇ ਮਿੱਤਰ ਪੰਜਾਬ ਵਿੱਚ ਆਪਣੇ ਤੋਂ ਵੱਖਰੀ ਸੋਚ ਵਾਲਿਆਂ ਨੂੰ 'ਸਮਝਾਉਣੀਆਂ' ਦੇਣ ਵਾਸਤੇ ਫੋਨ ਕਰਨ ਅਤੇ ਚਾਹ ਦੇ ਕੱਪ ਦੀ ਸਾਂਝ ਪਾਉਣ ਲੱਗੇ ਹਨ। ਇਹੋ ਜਿਹਾ ਕੰਮ ਸਾਡੇ ਮੀਡੀਆ ਖੇਤਰ ਵਿੱਚ ਵੀ ਪੱਤਰਕਾਰਾਂ ਦੇ ਰਾਹੀਂ ਕਰਨ ਦੀ ਥਾਂ 'ਦਿੱਲੀ ਸੇ ਆਇਆ ਪੱਤਰਕਾਰ' ਕਹਿ ਕੇ ਆਉਣ ਵਾਲੇ ਉਹ ਸਿਧਾਂਤਕਾਰ ਦਿੱਸਦੇ ਸੱਜਣ ਕਰਨ ਨਿਕਲੇ ਹਨ, ਜਿਨ੍ਹਾਂ ਦੀ ਸੰਸਕ੍ਰਿਤ ਵਾਂਗ ਔਖੀ ਹਿੰਦੀ ਸੁਣ ਕੇ ਅਸਲੀ ਚੈਨਲ ਸਮਝ ਆ ਜਾਂਦਾ ਹੈ। ਪੱਤਰਕਾਰੀ ਭੇਸ ਵਿੱਚ ਨਿਕਲੇ ਇਹ ਲੋਕ ਮੀਡੀਆ ਖੇਤਰ ਵਿੱਚ ਜਿਵੇਂ ਸਰਗਰਮ ਹਨ, ਓਦਾਂ ਦੇ ਕੁਝ ਲੋਕ ਧਰਮ-ਖੇਤਰ ਵਿੱਚ ਸਰਗਰਮ ਹਨ ਤੇ ਉਨ੍ਹਾਂ ਦੀ ਮੁੱਢਲੀ ਪਹੁੰਚ ਉਨ੍ਹਾਂ 'ਲੋੜਵੰਦ' ਸਿੱਖਾਂ ਤੱਕ ਹੈ, ਜਿਹੜੇ ਕਿਸੇ ਧਾਰਮਿਕ ਅਸਥਾਨ ਦੇ ਪਿੰਡ ਪੱਧਰ ਦੇ ਗ੍ਰੰਥੀ ਜਾਂ ਕਥਾ ਵਾਚਕ ਹਨ ਅਤੇ ਸਵੇਰੇ-ਸ਼ਾਮ ਆਮ ਲੋਕਾਂ ਵਿੱਚ ਰਹਿ ਕੇ ਨਰਿੰਦਰ ਮੋਦੀ ਦੇ ਏਨੇ ਗੁਣ ਗਿਣਾਈ ਜਾਂਦੇ ਹਨ ਕਿ ਇੱਕ-ਦੋ ਦਿਨਾਂ ਤੱਕ ਸੁਣਨ ਵਾਲਾ ਖੁਦ ਉਨ੍ਹਾਂ ਵੱਲੋਂ ਪੜ੍ਹਾਇਆ ਅੱਗੇ ਪੜ੍ਹਾਉਣ ਲੱਗਦਾ ਹੈ। ਮਾਲਵੇ ਦੇ ਇੱਕ ਪਿੰਡ ਵਿੱਚ ਡੇਰਾ ਸੱਚਾ ਸੌਦਾ ਸਿਰਸਾ ਵਾਲੇ ਬਾਬੇ ਲਈ ਗੁਰਦੁਆਰੇ ਵਿੱਚ ਅਰਦਾਸ ਕਰਨ ਵਾਲਾ ਨਿਹੰਗ ਵੀ ਏਸੇ ਕਿਸਮ ਦਾ ਨਵਾਂ ਲੱਭਿਆ ਕਾਰਿੰਦਾ ਹੋ ਸਕਦਾ ਹੈ, ਜਿਹੜਾ ਪੰਜਾਬ ਵਿੱਚ ਦਲਿਤ ਭਾਈਚਾਰੇ ਦਾ ਮੁੱਖ ਮੰਤਰੀ ਬਣਾਉਣ ਦੇ ਵਾਸਤੇ ਨਰਿੰਦਰ ਮੋਦੀ ਉੱਤੇ ਮਹਾਰਾਜ ਦੀ ਕ੍ਰਿਪਾ ਦੀ ਮੰਗ ਕਰਦਾ ਸੁਣਾਈ ਦੇਂਦਾ ਹੈ। ਉਹੀ ਨਹੀਂ, ਕੁਝ ਬੜੇ ਪੜ੍ਹੇ-ਲਿਖੇ ਸੱਜਣ ਵੀ ਏਦਾਂ ਦੇ ਕੰਮ ਵਿੱਚ ਮਿਥੀ ਹੋਈ ਨੌਕਰੀ ਕਰਨ ਵਾਂਗ ਦਸਵੇਂ ਗੁਰੂ ਸਾਹਿਬ ਦੀ ਤਸਵੀਰ ਲਾ ਕੇ ਨਰਿੰਦਰ ਮੋਦੀ ਦੀ ਨੇਕ ਬੰਦੇ ਤੇ ਪਹਾੜਾਂ ਵਿੱਚ ਜਾ ਕੇ ਤਪ ਕਰਨ ਵਾਲੇ ਸਾਧੂ ਵਿਅਕਤੀ ਵਾਲੀ ਤਸਵੀਰ ਉਭਾਰਨ ਦੀਆਂ ਵੀਡੀਓ ਕਲਿੱਪਾਂ ਬਹੁਤ ਚੁਸਤੀ ਨਾਲ ਆਮ ਲੋਕਾਂ ਤੱਕ ਭੇਜ ਰਹੇ ਹਨ, ਜਿਨ੍ਹਾਂ ਦਾ ਆਮ ਲੋਕਾਂ ਉੱਤੇ ਕੁਝ ਨਾ ਕੁਝ ਅਸਰ ਪੈ ਰਿਹਾ ਹੈ। ਸਿੱਖ ਸਮਾਜ ਵਿੱਚ ਕਈ ਲੋਕ ਕਿਸੇ ਵੀ ਪਾਰਟੀ ਤੋਂ ਕੋਈ ਆਸ ਨਾ ਰਹਿਣ ਕਾਰਨ ਉਨ੍ਹਾਂ ਦੇ ਦੱਸੇ ਰਾਹ ਵੱਲ ਝੁਕ ਸਕਦੇ ਹਨ।

ਸਭ ਤੋਂ ਵੱਡੀ ਇਹ ਗੱਲ ਜ਼ੋਰ ਨਾਲ ਕਹੀ ਜਾਂਦੀ ਹੈ ਕਿ ਨਰਿੰਦਰ ਮੋਦੀ ਦੀ ਸਮਰੱਥਾ ਹੈ ਕਿ ਪੱਛਮੀ ਬੰਗਾਲ ਦੀਆਂ ਚੋਣਾਂ ਵਿੱਚ ਪੰਜ ਸਾਲ ਪਹਿਲਾਂ ਤਿੰਨ ਸੀਟਾਂ ਜਿੱਤਣ ਵਾਲੀ ਭਾਜਪਾ ਨੂੰ ਉਸ ਨੇ ਇਸ ਵਾਰੀ ਸਤੱਤਰ ਸੀਟਾਂ ਜਿਤਾ ਕੇ ਮੁੱਖ ਵਿਰੋਧੀ ਧਿਰ ਬਣਾ ਦਿੱਤਾ ਅਤੇ ਕਾਂਗਰਸ ਤੇ ਖੱਬੇ ਪੱਖੀ ਜੜ੍ਹੋਂ ਪੁੱਟ ਦਿੱਤੇ ਹਨ। ਜਿਸ ਤਰੀਕੇ ਨਾਲ ਇਹ ਪ੍ਰਚਾਰ ਤੇ ਇਹ ਪਹੁੰਚ ਕੀਤੀ ਜਾ ਰਹੀ ਹੈ, ਸਿੱਖਾਂ ਦੀਆਂ ਨਾਮ-ਦਾਨ ਤੱਕ ਸੀਮਤ ਰਹਿੰਦੀਆਂ ਕੁਝ ਸੰਪਰਦਾਵਾਂ ਦੇ ਸੰਤਾਂ ਰਾਹੀਂ ਪੰਜਾਬ ਤੇ ਸਿੱਖਾਂ ਲਈ ਨਰਿੰਦਰ ਮੋਦੀ ਦੀ ਸ਼ੁਭ ਭਾਵਨਾ ਦਾ ਪੜੁੱਲ ਬੰਨ੍ਹਣ ਦਾ ਕੰਮ ਹੋ ਰਿਹਾ ਹੈ, ਉਸ ਮਗਰੋਂ ਕਿਸੇ ਨੂੰ ਅਗਲੀਆਂ ਚੋਣਾਂ ਤੋਂ ਪਹਿਲਾਂ ਦੇ ਰਾਜਸੀ ਨਕਸ਼ੇ ਦਾ ਭੁਲੇਖਾ ਨਹੀਂ ਰਹਿਣਾ ਚਾਹੀਦਾ। ਸਾਨੂੰ ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਦੀ ਰਾਜਨੀਤੀ ਦੇ ਅੱਧੀ-ਅੱਧੀ ਸਦੀ ਤੱਕ ਧਨਵੰਤਰੀ ਗਿਣੇ ਜਾਂਦੇ ਰਹੇ ਵੱਡੇ ਪ੍ਰਭਾਵ ਵਾਲੇ ਲੇਖਕ ਤੇ ਸਮਾਜ ਸੇਵੀ ਇਹੋ ਜਿਹੀ ਕੋਈ ਸਰਗਰਮੀ ਚੱਲ ਰਹੀ ਮੰਨਦੇ ਵੀ ਹਨ ਤਾਂ ਗੱਲ ਏਥੇ ਮੁਕਾ ਦੇਂਦੇ ਹਨ ਕਿ ਪੰਜਾਬ ਕੋਈ ਪੱਛਮੀ ਬੰਗਾਲ ਨਹੀਂ, ਏਥੇ ਜਿਹੜਾ ਮਰਜ਼ੀ ਆ ਕੇ ਆਪਣੇ ਦਾਅ ਅਜ਼ਮਾ ਲਵੇ, ਉਸ ਦੇ ਪੈਰ ਨਹੀਂ ਲੱਗਣੇ। ਐਨ ਇਹੋ ਵਿਚਾਰ ਉਨ੍ਹਾਂ ਸੱਜਣਾਂ ਦੇ ਮੂੰਹੋਂ ਕਦੇ ਪੱਛਮੀ ਬੰਗਾਲ ਬਾਰੇ ਸੁਣਨ ਨੂੰ ਮਿਲਿਆ ਕਰਦੇ ਸਨ, ਬਾਅਦ ਵਿੱਚ ਹਾਲਤ ਬਦਲਦੇ ਗਏ ਤਾਂ ਉਹ ਆਪਣੀ ਸੋਚਣੀ ਠੀਕ ਨਾ ਹੋਣ ਬਾਰੇ ਮੰਨਣ ਦੀ ਥਾਂ ਇਹ ਦਲੀਲ ਦੇਣ ਲੱਗ ਪਏ ਸਨ ਕਿ ਕਿਸੇ ਦੇ ਕਿਸੇ ਦੇ ਪੈਰ ਤਾਂ ਨਹੀਂ ਸੀ ਲੱਗਣੇ, ਓਥੇ ਪ੍ਰਸਥਿਤੀਆਂ ਬਦਲ ਗਈਆਂ ਸਨ। ਹਾਲਾਤ ਦਾ ਵਹਿਣ ਅੱਜ ਵਾਲਾ ਜਾਰੀ ਰਿਹਾ ਤਾਂ ਉਨ੍ਹਾਂ ਸੱਜਣਾਂ ਨੂੰ ਅਗਲੇ ਸਾਲ ਇਹੋ ਦਲੀਲ ਪੰਜਾਬ ਬਾਰੇ ਵੀ ਦੇਣੀ ਪੈ ਸਕਦੀ ਹੈ, ਕਿਉਂਕਿ ਜਿਹੜੀ ਗੱਲ ਬੰਗਾਲ ਬਾਰੇ ਉਹ ਨਹੀਂ ਸਨ ਮੰਨਦੇ, ਪੰਜਾਬ ਬਾਰੇ ਵੀ ਅੱਜ ਨਹੀਂ ਮੰਨਦੇ। ਕਬੂਤਰ ਅੱਖਾਂ ਮੀਟ ਵੀ ਲਵੇ ਤਾਂ ਬਿੱਲੀ ਪਿੱਛੇ ਨਹੀਂ ਮੁੜ ਜਾਂਦੀ। ਇਹੀ ਹਾਲਾਤ ਪੰਜਾਬ ਦੀ ਰਾਜਨੀਤੀ ਵਿੱਚ ਅੱਜ ਬਣਦੇ ਪਏ ਹਨ ਤੇ ਇਹ ਬਣਦੇ ਵੀ ਏਨੀ ਤੇਜ਼ੀ ਨਾਲ ਪਏ ਹਨ ਕਿ ਇਸ ਸਾਲ ਦੇ ਬਾਕੀ ਰਹਿੰਦੇ ਸਵਾ ਸੱਤ ਮਹੀਨਿਆਂ ਵਿੱਚ ਇਨ੍ਹਾਂ ਅੱਗੇ ਬ੍ਰੇਕ ਲੱਗ ਜਾਵੇਗੀ, ਇਹ ਸੋਚਣਾ ਬਹੁਤ ਔਖਾ ਹੈ।

ਸਾਡੀ ਇੱਕ ਪਿਛਲੀ ਲਿਖਤ ਪਿੱਛੋਂ ਸਾਡੇ ਇੱਕ ਸੱਜਣ ਨੇ ਫੋਨ ਕਰ ਕੇ ਕਿਹਾ ਸੀ ਕਿ ਹਾਲਤ ਏਨੀ ਵਿਗਾੜ ਵਾਲੀ ਵੀ ਹੋਵੇ ਤਾਂ ਤੈਨੂੰ ਏਦਾਂ ਪੇਸ਼ ਨਹੀਂ ਕਰਨੀ ਚਾਹੀਦੀ, ਲੋਕਾਂ ਨੂੰ ਇਸ ਦੇ ਮੁਕਾਬਲੇ ਦਾ ਕੋਈ ਸੁਨੇਹਾ ਦੇਣਾ ਚਾਹੀਦਾ ਹੈ। ਮੈਂ ਅੱਜ ਫਿਰ ਇਹੋ ਜਿਹਾ ਕੋਈ ਸੁਨੇਹਾ ਨਹੀਂ ਦੇ ਰਿਹਾ। ਇਸ ਦਾ ਕਾਰਨ ਇਹ ਹੈ ਕਿ ਜਿਨ੍ਹਾਂ ਲਈ ਸੁਨੇਹਾ ਦੇਣ ਦੀ ਲੋੜ ਹੈ, ਉਹ ਕਹਿੰਦੇ ਹਨ ਕਿ ਸਾਨੂੰ ਸਭ ਕੁਝ ਪਤਾ ਹੈ। ਸੁੱਤੇ ਨੂੰ ਕੋਈ ਜਗਾ ਸਕਦਾ ਹੈ, ਏਦਾਂ ਦੇ ਲੋਕਾਂ ਨੂੰ ਨਹੀਂ। ਇਨ੍ਹਾਂ ਹਾਲਾਤ ਵਿੱਚ ਜਦੋਂ ਪੰਜਾਬ ਦੀ ਇੱਕ ਵੱਡੀ ਪਾਰਟੀ ਦੇ ਅੰਦਰੂਨੀ ਝੇੜੇ ਜਾਂ ਉਸ ਦੇ ਕਿਸੇ ਪੁਰਾਣੇ ਬਦਲ ਤੱਕ ਸੋਚ ਕੇ ਬੁੱਤਾ ਸਰ ਸਕਦਾ ਹੈ ਤਾਂ ਅਗਲੀ ਗੱਲ ਸੋਚਣ ਦੀ ਲੋੜ ਵੀ ਕਿਸ ਨੂੰ ਹੈ। ਪੰਜਾਬ ਦੀ ਬਦਕਿਸਮਤੀ ਸ਼ਾਇਦ ਇਹ ਵੀ ਹੈ।

# ਲਾਸ਼ਾਂ

ਗੁਰਬਖਸ਼ ਸਿੰਘ ਭੰਡਾਲ

(1)
ਮੈਂ ਇਕ ਲਾਸ਼ ਹਾਂ
ਜੋ ਕਦੇ ਚੌਂਹ ਜਣਿਆਂ ਦੇ ਮੋਢੇ ਤੇ
ਆਖਰੀ ਯਾਤਰਾ ਕਰਦੀ ਸਾਂ।
ਪਰ
ਅੱਜ ਕੱਲ
ਕਦੇ ਆਪਣੇ ਬਾਪ ਦੇ ਮੋਢੇ 'ਤੇ
ਸਿਵਿਆ ਵੱਲ ਜਾਂਦੀ ਹਾਂ
ਕਦੇ ਪੁੱਤ ਦੇ ਮੋਢੇ 'ਤੇ ਬਹਿ
ਕਬਰਾਂ ਨੂੰ ਜਾਂਦੀ ਹਾਂ।

ਮੈਂ ਲਾਸ਼ ਹਾਂ
ਜਿਸਨੂੰ ਆਪਣਿਆਂ ਨੇ
ਵਗਦੇ ਪਾਣੀ ਦੇ ਹਵਾਲੇ ਕੀਤਾ
ਤੁੱਰ ਪਈ ਬੇਪਛਾਣੇ ਰਾਹਾਂ ਵੱਲ
ਤੇ ਕਿਸੇ ਕਿਨਾਰੇ ਲੱਗ
ਕੰਢੇ ਤੇ ਉਗੀਆ ਕਬਰਾਂ ਦੀ ਗਿਣਤੀ
ਬਣ ਜਾਂਦੀ ਹਾਂ।

ਮੈਂ ਲਾਸ਼ ਹਾਂ
ਜਿਸਦੇ ਅੱਧਜਲੀ ਦੇ ਹੀ ਫੁੱਲ ਚੁਗੇ
ਜਾਂਦੇ
ਕਿਉਂਕਿ ਜੁ
ਨਵਾਂ ਸਿਵਾ ਬਲਣ ਲਈ ਕਾਹਲਾ ਹੁੰਦਾ
ਹੈ।
ਮੈਂ ਲਾਸ਼ ਹਾਂ
ਜਿਸਤੇ ਕਫ਼ਨ ਪਾ ਕੇ ਲਾਹਿਆ ਜਾਂਦਾ
ਤੇ ਨਵੀਂ ਲਾਸ਼ ਤੇ ਪਾਇਆ ਜਾਂਦਾ
ਆਪਣਿਆਂ ਦੀ ਬੇਹਯਾਈ, ਬੇਗੈਰਤ ਤੇ
ਬੇਗਾਨਗੀ
ਸੀਨੇ 'ਚ ਦਫਨਾ ਕੇ
ਸਦਾ ਲਈ ਰੁੱਖਸਤ ਹੋ ਗਈ।

ਲਾਸ਼
ਜੋ ਸਿਰਫ਼ ਗਿਣਤੀ ਬਣ ਕੇ ਰਹਿ ਗਈ
ਹਾਂ
ਜਿਸਨੇ ਕੁਰਸੀਆਂ ਦੇ ਪਾਵੇ ਬਣਨਾ ਹੈ।

ਮੈਂ ਲਾਸ਼ ਹਾਂ
ਜਿਸਨੇ ਪਰਤਣਾ ਤਾਂ ਨਹੀਂ
ਪਰ ਮੇਰੇ ਖੌਫ਼ ਦੇ ਮੰਜ਼ਰ ਨੇ
ਭਵਿੱਖੀ ਨਸਲਾਂ ਦੀ ਨੀਦ ਜਰੂਰ
ਹੰਘਾਲਣੀ ਏ।

ਯਾਦ ਰੱਖਣਾ!
ਮੈਂ ਲਾਸ਼ ਹੀ ਨਹੀਂ
ਮੈਂ ਤਾਂ ਮਰ ਗਈ ਇਨਸਾਨੀਅਤ ਦਾ
ਬਲਦਾ ਸਿਵਾ ਹਾਂ।
(2)
ਲਾਸ਼ਾਂ ਦੀ ਗਿਣਤੀ ਕਰਨ ਵਾਲਿਓ
ਮੁੱਨਸਫ਼ੋ!
ਆਖਰ ਤੁਸੀਂ ਵੀ ਲਾਸ਼ ਬਣੋਗੇ।

ਕਦੇ
ਕਿਸੇ ਧੀ ਦੀ ਅੱਖ ਵਿਚ ਜੰਮੇ ਹੰਝੂ
ਪੁੱਤ ਦੀ ਹਿੱਕ ਵਿਚ ਰੀਂਗਦਾ ਦਰਦ
ਮਾਂ ਦੇ ਨੈਣਾਂ ਦਾ ਖਾਰਾ ਸਮੁੰਦਰ
ਤੇ ਬਾਪ ਦੇ ਮੋਢੇ ਤੇ ਬੱਚੇ ਦੀ ਅਰਥੀ ਦਾ
ਭਾਰ ਮਹਿਸੂਸਣਾ।
ਪਤਾ ਲੱਗੇਗਾ ਕਿ
ਲਾਸ਼ਾਂ ਦੀ ਗਿਣਤੀ ਕਰਨ
ਅਤੇ ਲਾਸ਼ ਬਣਨ ਵਿਚ ਕਿੰਨਾ ਕੁ ਅੰਤਰ
ਹੁੰਦਾ?

ਲਾਸ਼ ਤੇ ਖੁਦਦਾਰੀ ਨੂੰ ਤਾਮੀਰ ਕਰਨ
ਵਾਲਿਓ!
ਲਾਸ਼ ਦੇ ਕੁਹਰਾਮ ਨੇ
ਤੁਹਾਨੂੰ ਬਹੁਤ ਬੇਚੈਨ ਕਰਨਾ
ਅਤੇ ਫਿਰ ਤੁਸੀਂ ਚਾਅ ਕੇ ਨਹੀਂ ਮਰ
ਸਕਣਾ।

ਇਸ ਲਈ ਜਰੂਰੀ ਹੈ
ਕਿ ਲਾਸ਼ ਹੋਣ ਤੋਂ ਪਹਿਲਾਂ
ਲਾਸ਼ ਦੀ ਤੌਹੀਨ ਤੋਂ ਤੋਬਾ ਕਰੀਏ
ਵਰਨਾ
ਤੁਸੀਂ ਕਫ਼ਨ ਦੀ ਤੋਬਾ ਵੀ ਨਹੀਂ
ਬਣੋਗੇ।
(3)
ਲਾਸ਼ਾਂ
ਸਿਰਫ਼ ਉਹ ਨਹੀਂ ਹੁੰਦੀਆਂ
ਜੋ ਸਿਵਿਆਂ 'ਚ ਸੜਦੀਆਂ
ਕਬਰਾਂ 'ਚ ਦਫ਼ਨਾਈਆਂ ਜਾਂਦੀਆਂ
ਜਾਂ ਦਰਿਆਵਾਂ 'ਚ ਰੋੜੀਆਂ ਜਾਂਦੀਆਂ
ਅਸੀਂ ਸਾਰੇ ਤੁੱਰਦੀਆਂ ਫਿਰਦੀਆਂ
ਲਾਸ਼ਾਂ
ਜੋ ਮਰ ਚੁੱਕੇ ਭਾਵਾਂ ਦੀ ਅਰਥੀ ਚੁੱਕੀ
ਆਪਣਾ ਮਰਸੀਆ ਅਲਾਹੁੰਦੇ
ਕਬਰਾਂ ਮੱਲਣ ਲਈ ਕਾਹਲੇ।
ਇਹ
ਜੱਜ
ਰਾਜ ਨੇਤਾ
ਅਫ਼ਸਰ
ਗੱਦੀਦਾਰ
ਡੇਰੇਦਾਰ
ਮਹੰਤ-ਸਾਧ,
ਤੇ ਗੁਰੂ-ਜੋਗੀ ਅਤੇ
ਸਭ ਹੀ ਲਾਸ਼ਾਂ।
ਇਹਨਾਂ 'ਚ ਕੋਈ ਨਹੀਂ
ਹਰਕਤ
ਹੀਲ-ਹੁਜਤ
ਹਾਕ-ਹੁੰਗਾਰਾ
ਜਾਂ ਹਾਅ ਦਾ ਨਾਹਰਾ।

ਇਹ ਲਾਸ਼ਾਂ ਤਾਂ
ਚਾਵਾਂ, ਭਾਂਵਾਂ, ਆਸ਼ਾਂਵਾਂ ਤੇ ਸਾਹਾਂ ਦੇ
ਖੰਡਰਾਤਾਂ
ਤੇ ਖੁਆਬਾਂ, ਖ਼ਿਆਲਾਂ, ਖਾਹਸ਼ਾਂ ਤੇ
ਖੁਸ਼ੀਆਂ ਦੀ ਖੁਦਕੁਸ਼ੀ 'ਚੋਂ
ਆਪਣੇ ਮਹਿਫੂਜ਼ੀ ਮਾਣਦੀਆਂ ਨੇ।
ਇਹਨਾਂ ਲਾਸ਼ਾਂ ਵਿਚੋਂ
ਕਿੰਝ ਭਾਲੋਗੇ ਜ਼ਿੰਦਗੀ ਦੇ ਨਕਸ਼?
ਇਹਨਾਂ ਲਾਸ਼ਾਂ ਨੂੰ
ਕਿਹੜੇ ਖੂਹ-ਖਾਤੇ ਪਾਵੋਗੇ?

(4)
ਲਾਸ਼ ਦਾ ਖੁਦ ਦੀ ਲਾਸ਼ ਨੂੰ ਢੋਣਾ
ਦਰਅਸਲ
ਖੁਦ ਨੂੰ ਅੱਥਰੂਆਂ 'ਚ ਹੰਘਾਲਣਾ
ਤੇ ਵੈਣ, ਵਰਲਾਪ ਤੇ ਵਿਯੋਗ ਨੂੰ ਸਾਹਾਂ
'ਚ ਨਿਚੋੜਨਾ ਹੁੰਦਾ।
ਬੜਾ ਔਖਾ ਹੁੰਦਾ ਹੈ
ਪੈਰਾਂ ਦੀਆਂ ਬਿਆਈਆਂ 'ਚ
ਗਮਾਂ ਦਾ ਖੁੱਭਣਾ
ਹੱਥਾਂ ਦੇ ਰੱਟਨਾਂ 'ਤੇ
ਸਿੱਸਕੀਆਂ ਦਾ ਉਗਣਾ
ਦਰਦਵੰਤੇ ਰਾਹਾਂ ਤੇ ਤੁੱਰਨਾ
ਕਿਣਕਾ ਕਿਣਕਾ ਕਰਕੇ ਭੁੱਰਨਾ
ਅਹਿਸਤਾ ਅਹਿਸਤਾ ਖੁਰਨਾ
ਹੌਕਿਆਂ ਦੀ ਚਿਖ਼ਾ 'ਚ ਪੈਰ ਧਰਨਾ
ਰਾਖ਼ ਬਣ ਘਰਾਂ ਨੂੰ ਪਰਤਣਾ
ਤੇ ਭੁੱਬਲ ਵਿਚੋਂ ਲਾਸ਼ ਦੇ ਨਕਸ਼
ਪਛਾਣਨਾ।

ਬੜਾ ਪੀੜਤ ਹੁੰਦਾ ਹੈ
ਖੁਦ ਦੀ ਲਾਸ਼ ਨੂੰ ਖੁਦ ਹੀ ਢੋਣਾ।
(5)
ਲਾਸ਼ਾਂ ਦੀ ਰੁੱਤ
ਵਿਹੜਿਆਂ ਵਿਚ ਉਤਰ ਆਈ ਹੈ
ਚੌਗਿਰਦੇ ਵਿਚ ਛਹਿ ਗਈ ਏ ਚੁੱਪ
ਅੱਖਾਂ 'ਚ ਉਗਦੀਆਂ ਨੇ ਅਰਥੀਆਂ
ਸ਼ਬਦਾਂ ਵਿਚ ਬਲਦੇ ਨੇ ਸਿਵੇ
ਵਾਕਾਂ ਵਿਚ ਨੇ ਵੈਣ-ਵਿਰਲਾਪ
ਕਿਤਾਬਾਂ 'ਚ ਉਗਦੀਆਂ ਨੇ ਕਬਰਾਂ
ਅਤੇ ਆਲੇ-ਦੁਆਲੇ ਲਾਸ਼ਾਂ ਹੀ ਲਾਸ਼ਾਂ।
(6)
ਕੇਹਾ ਵਕਤ ਕਿ
ਲਾਸ਼ਾਂ ਹੋਈਆਂ ਗੁੰਗੀਆਂ
ਜਿਊਣ ਦਾ ਭਰਮ ਵੀ ਟੁੱਟਾ
ਸਾਹਾਂ 'ਚ ਸੋਗ ਘੁੱਲਣ ਲੱਗਾ
ਬੁੱਸਿਆ ਰਾਜ਼ ਖੁੱਲਣ ਲੱਗਾ।
ਪਰ ਹੁਣ
ਇਹਨਾਂ ਲਾਸ਼ਾਂ ਚੁੱਪ ਨਹੀਂ ਰਹਿਣਾ
ਵਕਤ ਨੂੰ ਹੈ ਅੰਦਰੋਂ ਕੋਹਣਾ
ਅੱਖਾਂ ਦੇ ਵਿਚ ਵੱਸ ਜੁ ਰੋਣਾ।
ਲਾਸ਼ਾਂ ਦਾ
ਜਦ ਲਾਸ਼ਾਂ ਭਰਨ ਹੁੰਗਾਰਾ
ਅੰਬਰੋਂ ਟੁੱਟਦਾ ਜਗਦਾ ਤਾਰਾ
ਤੇ ਧਰਤ ਤੇ ਛਾਵੇ ਅੰਧਿਆਰਾ
ਅੰਨ੍ਹਾਂ ਹੋ ਜਾਏ ਜੱਗ ਹੀ ਸਾਰਾ
ਤਾਂ ਹੀ ਅਸੀਂ
ਇਸ ਅੰਨ੍ਹੇ ਯੁੱਗ ਦੇ ਵਾਸੀ ਹੋਏ
ਅੰਦਰੋ ਹੱਸੀਏ ਤੇ ਬਾਹਰੋਂ ਰੋਏ।

ਲਾਸ਼ਾਂ ਸੋਚਣ
ਕੌਣ ਫਿਰ ਉਦਾਸੀ ਤੇ ਜਾਵੇ
ਕਾਲਖ਼ਾਂ ਵਿਚ ਸੂਰਜ ਉਗਾਵੇ
ਤੇ ਨਿਰਜਿੰਦ ਜਹੀਆਂ ਲਾਸ਼ਾਂ ਨੂੰ
ਫਿਰ ਤੋਂ ਕੋਈ ਮਨੁੱਖ ਬਣਾਵੇ
ਤੇ ਮਰ ਗਈਆਂ ਭਾਵਨਾਵਾਂ ਦੀ ਹਿੱਕੇ
ਜਾਗਣ ਦੀ ਜਾਗ ਹੀ ਲਾਵੇ
ਤੇ ਲਾਸ਼ਾਂ ਦੀ ਬੇਰੁਹਮਤੀ ਦਾ
ਇਹਨਾਂ ਦੇ ਮਨੀਂ ਦਰਦ ਜਗਾਵੇ।

ਵੇ ਲੋਕਾ!
ਲਾਸ਼ਾਂ ਨੂੰ ਗਿਣਨ ਦੀ ਥਾਵੇਂ
ਖੁਦ ਹੀ ਲਾਸ਼ ਬਣਨ ਤੋਂ ਬਚ ਜਾ
ਤੇ ਸਭ ਨੂੰ ਲਾਸ਼ਾਂ ਬਣਨ ਤੋਂ ਰੋਕ।

(7)
ਲਾਸ਼ਾਂ ਦਾ ਇਹ ਕੇਹਾ ਝੁੱਰਮਟ
ਸ਼ਹਿਰ ਵੀ ਲਾਸ਼ਾਂ
ਪਿੰਡ ਵੀ ਲਾਸ਼ਾਂ
ਖੇਤ ਵੀ ਲਾਸ਼ਾਂ
ਫਿਰਨੀ ਲਾਸ਼ਾਂ
ਘਰ ਵੀ ਲਾਸ਼ਾਂ
ਦਰ ਵੀ ਲਾਸ਼ਾਂ
ਰਿਸ਼ਤੇ, ਸਾਕ-ਸਬੰਧੀ ਲਾਸ਼ਾਂ
ਆਪਣੇ ਤੇ ਬਿਗਾਨੇ ਲਾਸ਼ਾਂ
ਹਰ ਪਾਸੇ ਲਾਸ਼ਾਂ ਹੀ ਲਾਸ਼ਾਂ।

ਇਹਨਾਂ ਲਾਸ਼ਾਂ 'ਚੋਂ
ਕਿਸਨੂੰ ਕਿੰਝ ਪਛਾਣੋਗੇ?
ਕਿੰਝ ਲਾਸ਼ਾਂ ਦੇ ਗੁਣ ਜਾਣੋਗੇ?
ਅਜੇਹੀਆਂ
ਲਾਸ਼ਾਂ ਦੀ ਰਹਿਬਰੀ ਵਿਚੋਂ
ਕਿਹੜੀ ਜ਼ਿੰਦਗੀ ਦੇ ਨਕਸ਼ ਉਘਾੜੋਗੇ?

ਇਹਨਾਂ ਦੀ ਅਗਵਾਈ ਦਿਤਾ
ਮੌਤ ਦਾ ਮੰਜ਼ਰ
ਦਰਿੰਦਗੀ ਦਾ ਨਾਚ
ਤੇ ਹੌਕਿਆਂ ਦੀ ਘੁੱਟ
ਜਿਸਨੂੰ ਪੀਂਦਿਆਂ ਖੁਦ ਹੀ ਮਰਨਾ
ਤੇ ਕੰਧਾਂ ਸਿਰ ਇਲਜ਼ਾਮ ਧਰਨਾ।

ਅਜੇਹੇ ਸਮਿਆਂ ਵਿਚ ਨਜ਼ਰ ਹੀ
ਆਉਣੀਆਂ
ਉਠਦੀਆਂ ਅਰਥੀਆਂ
ਤਾਜੀਆਂ ਕਬਰਾਂ
ਬਲਦੇ ਸਿਵੇ
ਤੇ ਦਰਿਆਵਾਂ ਕੰਢੇ ਲਾਸ਼ਾਂ ਦਾ
ਤਹਿਖਾਨਾ।

ਫਿਜ਼ਾ ਦੀ ਵੱਖੀ ਲੱਗੇ
ਸੁੱਕੇ ਹੰਝੂ
ਧੁਆਂਖੇ ਸੁਪਨੇ
ਅਤੇ ਸੋਗੀ ਸੱਥਾਂ।
ਹੋਰ ਭਲਾ
ਆਸ ਵੀ ਕੀ ਰੱਖੀ ਜਾ ਸਕਦੀ ਹੈ
ਅਜੇਹੇ ਸਮਿਆਂ ਵਿਚ?

(8)
ਇਹ ਵੀ ਵੇਲਾ ਆਉਣਾ ਸੀ
ਕਿ
ਲਾਸ਼ ਹੀ ਲਾਸ਼ ਨੂੰ ਮੋਢੇ ਲਾਵੇ
ਲਾਸ਼ ਹੀ ਲਾਸ਼ ਦਾ ਸਿਵਾ ਸਜਾਵੇ
ਲਾਸ਼ ਹੀ ਲਾਸ਼ ਨੂੰ ਲਾਂਬੂ ਲਾਵੇ
ਲਾਸ਼ ਹੀ ਲਾਸ਼ ਦੇ ਫੁੱਲ ਚੁਗੀਂਦੀ
ਅਤੇ ਵੱਗਦੇ ਪਾਣੀਆਂ ਵਿਚ ਤਰੀਂਦੀ।

ਲਾਸ਼
ਲਾਸ਼ ਲਈ ਕਬਰਾਂ ਪੁੱਟੇ
ਲਾਸ਼ ਹੀ ਲਾਸ਼ ਨੂੰ ਕਬਰੀਂ ਸੁੱਟੇ
ਲਾਸ਼ ਹੀ ਉਸਤੇ ਚਾਦਰ ਪਾਉਂਦੀ
ਤੇ ਅੱਖ ਬਚਾ ਕੇ
ਲਾਸ਼ ਹੀ ਲਾਸ਼ ਤੋਂ ਚਾਦਰ ਲਾਹੁੰਦੀ
ਲਾਸ਼ ਹੀ ਲਾਸ਼ ਦਾ ਮਰਸੀਆ ਪੜਦੀ
ਤੇ ਫਿਰ
ਕਿਸੇ ਬੇਲਾਸ਼ੇ ਘਰ ਵੜਦੀ
ਤੇ ਲਾਸ਼ਾਂ ਉਸਦੇ ਨਾਮ ਹੈ ਕਰਦੀ।

(9)
ਗਰਾਂ, ਘਰਾਂ ਵਿਚ ਰਹਿੰਦੀਆਂ ਲਾਸ਼ਾਂ
ਪਹਾੜਾਂ ਜੇਡ ਦਰਦ ਸਹਿੰਦੀਆਂ ਲਾਸ਼ਾਂ
ਮੂੰਹੋਂ ਕੁਝ ਨਾ ਕਹਿੰਦੀਆਂ ਲਾਸ਼ਾਂ
ਆਪਣੀ ਸੀਹੜੀ ਤੇ ਬਹਿੰਦੀਆਂ ਲਾਸ਼ਾਂ
ਦੁੱਖਾਂ ਦਾ ਪੀਹਣਾ ਛੋਂਹਦੀਆਂ ਲਾਸ਼ਾਂ
ਲਾਸ਼ਾ ਨੂੰ ਹੀ ਮੋਹਦੀਆਂ ਲਾਸ਼ਾਂ
ਪਤਾ ਨਹੀਂ ਕੀ ਚਾਹੁੰਦੀਆਂ ਲਾਸ਼ਾਂ
ਸੋਗ ਦਾ ਬੁਰਕਾ ਪਾਉਂਦੀਆਂ ਲਾਸ਼ਾਂ।

ਅਸੀਂ ਸਭ ਲਾਸ਼ਾਂ ਵਿਚ ਰਹੀਏ
ਜਾਣਦਿਆਂ ਵੀ ਕੁਝ ਨਾ ਕਹੀਏ
ਲਾਸ਼ਾਂ ਦੇ ਵਿਚ ਲਾਸ਼ ਬਣ ਕੇ
ਚੁੱਪ ਸਦਾ ਹੀ ਰਹੀਏ
ਤੇ ਕੰਧਾਂ ਤੇ ਕੌਲਿਆਂ ਨੂੰ ਵੀ
ਰੋਣ ਤੋਂ ਵਰਜਦੇ ਰਹੀਏ।

(10)
ਕੇਹਾ ਸਿੱਤਮ ਢਾਹਿਆ ਏ ਵਕਤ ਨੇ
ਕਿ ਹੁਣ ਬੰਦੇ ਬਹੁਤ ਦੂਰ ਦੂਰ ਹੋ ਗਏ
ਕਦੇ ਨਹੀਂ ਗਲ ਲੱਗ ਕੇ ਮਿਲਦੇ
ਪਰ
ਹੁਣ ਲਾਸ਼ਾਂ ਇਕ ਦੂਜੇ ਨੂੰ ਮਿਲਦੀਆਂ
ਕਦੇ ਹਸਪਤਾਲ ਦੇ ਬੈਡ ਤੇ ਆਪਸ
ਵਿਚ ਲਿਪਟੀਆਂ
ਕਦੇ ਐਂਬੂਲੈਂਸ ਵਿਚ ਕੜੰਗੀ ਪਾਈ
ਕਦੇ ਸਿਵਿਆਂ ਵਿਚ ਇਕਸਾਰ
ਬਲਦੀਆਂ
ਕਦੇ ਕਬਰਾਂ ਵਿਚ ਹਮਸਫ਼ਰ ਬਣੀਆਂ
ਤੇ ਕਦੇ ਦਰਿਆ 'ਚ ਇਕੱਠੀਆਂ
ਤਰਦੀਆਂ
ਤੇ ਪੱਤਣ 'ਤੇ ਲੱਗ
ਲਾਸ਼ਾਂ ਦਾ ਰੁੱਦਨ ਬਣਦੀਆਂ।

ਉਹ ਮਿਲਦੀਆਂ
ਆਪਣੀ ਦਰਦ ਕਹਾਣੀ ਛੂੰਹਦੀਆਂ
ਸੁੱਖ-ਦੁਖ ਸੁਣਾਉਂਦੀਆਂ
ਮਨ ਦਾ ਭਾਰ ਲਾਹੁੰਦੀਆਂ।

ਇਹ ਲਾਸ਼ਾਂ
ਬਹੁਤ ਕੁਝ ਅਣਕਿਹਾ
ਉਹਨਾਂ ਬੈਡਾਂ,
ਐਂਬੂਲੈਂਸਾਂ,
ਸਿਵਿਆਂ ,
ਕਬਰਾਂ,
ਤੇ ਦਰਿਆਵਾਂ ਦੇ ਨਾਮ ਕਰ ਜਾਂਦੀਆਂ।
ਤਾਂ ਹੀ
ਇਹ ਸਾਰੇ ਅੱਜ ਕੱਲ
ਚੁੱਪ ਦੀ ਜੂਨ ਹੰਢਾਉਣ ਲਈ ਮਜਬੂਰ
ਆ।

(11)
ਸੱਚੀਂ!
ਕਿੰਨਾ ਲੰਮਾ ਸਫ਼ਰ ਤਹਿ ਕਰ ਲਿਆ ਹੈ
ਅਸਾਂ।
ਕਦੇ
ਬੰਦਾ ਦਾ ਬੰਦੇ ਨੂੰ ਮਿਲਣਾ
ਫਿਰ ਲਾਸ਼ ਦਾ ਬੰਦੇ ਨੂੰ ਮਿਲਣਾ
ਅਤੇ
ਅੱਜ ਕੱਲ
ਸਿਰਫ਼
ਲਾਸ਼ ਹੀ ਲਾਸ਼ ਨੂੰ ਮਿਲਦੀ ਹੈ
ਸੱਚੀਂ!
ਕਿੰਨਾ ਲੰਮਾ ਸਫ਼ਰ ਤਹਿ ਕਰ ਬੈਠੇ ਹਾਂ
ਅਸੀਂ।

# ਬਿਨਾਂ ਪਤੇ ਵਾਲੀ ਚਿੱਠੀ

ਹਰਕੀਰਤ ਕੌਰ
9779118066

ਜਸਬੀਰ ਨੂੰ ਲਿਖਣ ਤੇ ਪੜ੍ਹਨ ਦਾ ਸ਼ੌਕ ਬਚਪਨ ਤੋਂ ਹੀ ਸੀ, ਕਿਤੇ ਵੀ ਅਖਬਾਰ ਦਾ ਪੱਤਰਾ ਉੱਡਦਾ ਵੇਖਦੀ ਤਾਂ ਝਟ ਦਿਨੀਂ ਫੜ੍ਹ ਝਾੜ ਪੂੰਝ ਕੇ ਪੜ੍ਹਨ ਬਹਿ ਜਾਂਦੀ। ਸੌਦੇ ਪੱਤੇ ਵਿੱਚ ਆਈ ਖੰਡ ਉੱਪਰ ਦੁਕਾਨਦਾਰ ਇੱਕ ਅਖਬਾਰ ਦਾ ਟੋਟਾ ਰੱਖ ਦਿੰਦਾ, ਉਹ ਉਸ ਟੋਟੇ ਨੂੰ ਵੀ ਸੰਭਾਲ ਲੈਂਦੀ। ਧੀ ਦੀ ਪੜ੍ਹਨ ਵਿੱਚ ਐਨੀ ਰੁਚੀ ਵੇਖ ਬਾਪੂ ਨੇ ਘਰ ਅਖਬਾਰ ਲਗਵਾ ਦਿੱਤੀ, ਹੁਣ ਜਸਬੀਰ ਕੌਰ ਉਤਲੇ ਅਸਮਾਨਾਂ ਤੇ ਸੀ, ਉਸਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ । ਇਹ ਗੱਲ 1995-96 ਦੀ ਹੈ ਜਦੋਂ ਦੀ ਘਰ ਅਖਬਾਰ ਲੱਗੀ ਐਤਵਾਰ ਜਸਬੀਰ ਲਈ ਸਭ ਤੋਂ ਵਧੀਆ ਹੁੰਦਾ ਸੀ ਉਸ ਦਿਨ ਦੇ ਅਖਬਾਰ ਦੀ ਜਸਬੀਰ ਨੂੰ ਹੋਰ ਵੀ ਬੇਸਬਰੀ ਨਾਲ ਉਡੀਕ ਰਹਿੰਦੀ ਕਿਉਂਕਿ ਉਸ ਦਿਨ ਅਖਬਾਰ ਵਿੱਚ ਕਹਾਣੀਆਂ ਤੇ ਨਾਵਲ ਹੁੰਦੇ ਤੇ ਹਫਤੇ ਦੀ ਤਾਂਘ ਹੁੰਦੀ ਕਿ ਅੱਜ ਕੀ ਬਣਿਆ ਹੋਊ ਅਗਲੇ ਅੰਕ ਵਿੱਚ।

ਜਦੋਂ ਅਖਬਾਰ ਹੱਥ ਆ ਜਾਂਦਾ ਤਾਂ ਉਹ ਥੋੜੇ ਖੜਖੜੇ ਕਿਸੇ ਦੇ ਹੱਥ ਨਾ ਆਉਂਦੀ, ਗਾਲ੍ਹਾਂ ਖਾ ਲੈਂਦੀ ਪਰ ਪੜ੍ਹੇ ਬਿਨਾ ਨਾ ਸਰਦਾ। ਉਸਨੂੰ ਮੈਡਮ ਦਲੀਪ ਕੌਰ ਟਿਵਾਣਾ ਜੀ ਦੇ ਨਾਵਲ ਤੇ ਕਹਾਣੀਆਂ ਪੜ੍ਹ ਪੜ੍ਹ ਜਿਵੇਂ ਉਹਨਾਂ ਨਾਲ ਮੋਹ ਜਿਹਾ ਹੋ ਗਿਆ ਸੀ ਮੈਡਮ ਦਲੀਪ ਕੌਰ ਟਿਵਾਣਾ ਦੀ ਸਰਲ ਭਾਸ਼ਾ ਵਿੱਚ ਲਿਖੀਆਂ ਲਿਖਤਾਂ ਉਹ ਵਾਰ ਵਾਰ ਪੜ੍ਹਦੀ ਤੇ ਦੂਰ ਬੈਠਿਆ ਹੀ ਸਾਂਝ ਜਿਹੀ ਪਾ ਬੈਠੀ ਤੇ ਮੈਡਮ ਦਲੀਪ ਕੌਰ ਜਸਬੀਰ ਦੇ ਮਨਪਸੰਦ ਦੇ ਲੇਖਕ ਬਣ ਗਏ।

ਜਸਬੀਰ ਦਾ ਬਾਪੂ ਸਿੱਧਾ ਸਾਦਾ ਜਿਹਾ ਕਿਰਤੀ ਕਿਸਾਨ ਸੀ, ਉਸਨੇ ਜਸਬੀਰ ਕੁਝ ਜਿਆਦਾ ਨਹੀਂ ਪੜਾਇਆ, ਇਸੇ ਕਰਕੇ ਉਹ ਕਦੇ ਕਦੇ ਬਾਪੂ ਨਾਲ ਖਫਾ ਵੀ ਰਹਿੰਦੀ, ਉਸਦੀ ਇੱਕ ਜਮਾਤਣ ਪਟਿਆਲੇ ਪੜ੍ਹਦੀ ਸੀ, ਉਸਨੂੰ ਵੇਖ ਜਸਬੀਰ ਨੂੰ ਆਪਣੇ ਬਾਪੂ ਤੇ ਗੁੱਸਾ ਆਵੇ ਕਿ ਜੇ ਮੈਂ ਵੀ ਪਟਿਆਲੇ ਪੜ੍ਹਦੀ ਹੁੰਦੀ ਤਾਂ ਮੈਂ ਵੀ ਮੈਡਮ ਦਲੀਪ ਕੌਰ ਟਿਵਾਣਾ ਜੀ ਨੂੰ ਮਿਲਿਆ ਕਰਦੀ.....

ਉਸ ਕੁੜੀ ਨੇ ਜਦੋਂ ਪਿੰਡ ਆਉਣਾ ਜਸਬੀਰ ਨੇ ਉਸਨੂੰ ਮਿਲਣ ਜਰੂਰ ਜਾਣਾ ਤੇ ਸਾਰਾ ਦਿਨ ਮੈਡਮ ਦਲੀਪ ਕੌਰ ਟਿਵਾਣਾ ਦੇ ਰਹਿਣ ਸਹਿਣ ਦੀਆਂ ਗੱਲਾਂ ਕਰਦੇ ਰਹਿਣਾ।

ਉਹਨਾਂ ਸਮਿਆਂ ਵਿੱਚ ਜਸਬੀਰ ਲਈ ਲੇਖਕ ਕੋਈ ਅਰਸ਼ੋ ਉਤਰੇ ਅਵਤਾਰ ਹੁੰਦੇ ਸੀ ਕਿ ਜੋ ਐਨਾ ਸੋਹਣਾ ਲਿਖਦੇ ਨੇ ਖੌਰੇ ਕਿਵੇਂ ਔੜਦੀਆਂ ਨੇ ਐਨੀਆਂ ਸੋਹਣੀਆਂ ਗੱਲਾਂ, ਬਸ ਪਤਾ ਨਹੀਂ ਕੀ ਕੀ ਸੋਚਦੀ ਰਹਿਣਾ

ਉਹਨਾਂ ਸਮਿਆਂ ਵਿੱਚ ਖਤ ਬਹੁਤ ਲਿਖੇ ਜਾਂਦੇ ਸੀ, ਭੈਣਾਂ ਭਰਾਵਾਂ ਦੀ ਸੁੱਖ ਸਾਂਦ ਪੁੱਛਣ ਲਈ ਆ ਸਮਰਾਟ ਫੋਨ (ਸਮਾਰਟ) ਨਹੀ ਸੀ ਹੋਇਆ ਕਰਦੇ ਜਸਬੀਰ ਨੇ ਵੀ ਆਪਣੀ ਮਾਂ ਦੇ ਪਰਦੇਸੀ ਬੈਠੇ ਭੈਣ ਭਰਾਵਾਂ ਨੂੰ ਕਦੇ ਭੈਣ ਬਣ ਕੇ ਕਦੇ ਭਰਾ ਬਨ ਕੇ ਬਹੁਤ ਖਤ ਲਿਖੇ ਸਨ। ਇੱਕ ਦਿਨ ਜਸਬੀਰ ਨੂੰ ਫੁਰਨਾ ਆਇਆ ਕਿਉਂ ਨਾ ਇੱਕ ਖਤ ਮੈਡਮ ਜੀ ਨੂੰ ਵੀ ਲਿਖਿਆ ਜਾਵੇ.... ਫੇਰ ਕੀ ਸੀ ਮੋਹ ਦੀ ਮਾਰੀ ਜਸਬੀਰੋ ਹੋ ਗਈ ਸ਼ੁਰੂ ਮੈਡਮ ਜੀ ਨੂੰ ਖਤ ਲਿਖਣ।

ਸ਼ਾਇਦ ਕੋਈ ਪ੍ਰੇਮਿਕਾ ਵੀ ਆਪਣੇ ਪ੍ਰੇਮੀ ਨੂੰ ਐਡਾ ਖਤ ਨਾ ਲਿਖਦੀ ਜਿੰਨਾ ਵੱਡਾ ਜਸਬੀਰ ਕੌਰ ਨੇ ਲਿਖ ਦਿੱਤਾ ਉਹ ਵੀ ਸਭ ਤੋਂ ਚੋਰੀਓ । ਬੜੀਆਂ ਹੀ ਸਿਫ਼ਤਾ ਲਿਖ ਕਰ ਦਿੱਤਾ ਪੋਸਟ। ਬਸ ਫ਼ੇਰ ਕੀ ਸੀ ਜਸਬੀਰ ਦੇ ਪੈਰ ਭੁੰਜੇ ਨਾ ਲੱਗਣ ਕਿ ਮੈਡਮ ਜੀ ਪੜ੍ਹ ਕੇ ਕਿੰਨੇ ਖੁਸ਼ ਹੋਣਗੇ, ਕੀ ਸੋਚਣਗੇ? ਪਤਾ ਨਹੀਂ ਕਿੰਨੇ ਕਿ ਖਿਆਲ ਆਉਣ ਮਨ ਵਿੱਚ। ਡਾਕੀਆ ਜਦੋਂ ਆਉਂਦਾ ਜਸਬੀਰ ਕੰਨ ਖੜੇ ਕਰ ਸੁਣਨ ਲੱਗਦੀ ਜਿਵੇਂ ਉਸਦੀ ਚਿੱਠੀ ਦਾ ਜਵਾਬ ਆਇਆ ਹੋਊ, ਪਰ ਡਾਕੀਆ ਕਿੰਨੇ ਦਿਨ ਆਉਂਦਾ ਤੇ ਅੱਗੇ ਲੰਘ ਜਾਂਦਾ। ਹਫਤੇ ਤੋਂ ਥੋੜੇ ਦਿਨ ਵੱਧ ਲੱਗੇ ਤੇ ਡਾਕੀਏ ਨੇ ਜਸਬੀਰ ਕੌਰ ਦੇ ਘਰ ਦੇ ਅੱਗੇ ਖੜੋ ਸਾਈਕਲ ਦੀ ਟੱਲੀ ਮਾਰੀ... ਜਸਬੀਰ ਕੌਰ ਭੱਜੀ ਭੱਜੀ ਗਈ ਇਸ ਚਾਅ ਵਿੱਚ ਕਿ ਮੈਡਮ ਜੀ ਦੀ ਚਿੱਠੀ ਆਈ ਹੋਊ.... ਪਰ ਉਸਦੀ ਸਾਰੀ ਖੁਸ਼ੀ ਉਸ ਸਮੇਂ ਉਦਾਸੀ ਵਿੱਚ ਬਦਲ ਗਈ ਜਦੋਂ ਉਸਦੀ ਲਿਖੀ ਚਿੱਠੀ ਉਸ ਕੋਲ ਵਾਪਿਸ ਆ ਗਈ, ਉਦਾਸ ਹੋਈ ਜਸਬੀਰ ਦੀ ਡਾਕੀਏ ਨੂੰ ਚਿੱਠੀ ਵਾਪਿਸ ਆਉਣ ਦਾ ਕਾਰਣ ਪੁੱਛਣ ਦੀ ਵੀ ਹਿੰਮਤ ਨਾ ਹੋਈ

ਫਿਰ ਬਹੁਤ ਦਿਨਾਂ ਬਾਅਦ ਉਸਦੀ ਜਮਾਤਣ ਪਟਿਆਲੇ ਤੋਂ ਵਾਪਿਸ ਆਈ ਤਾਂ ਜਸਬੀਰ ਨੇ ਸਾਰੀ ਗੱਲ ਉਸਨੂੰ ਦੱਸੀ, ਸਹੇਲੀ ਨੇ ਪੁੱਛਿਆ ਪਤਾ ਸਹੀ ਲਿਖਿਆ ਸੀ? ਜਸਬੀਰ ਨੇ ਕਿਹਾ ਹਾਂ ਪਟਿਆਲਾ ਲਿਖਿਆ ਸੀ..... ਜਸਬੀਰ ਦੀ ਗੱਲ ਸੁਣ ਉਸਦੀ ਜਮਾਤਣ ਬੜੀ ਹੱਸੀ ਤੇ ਕਹਿਣ ਲੱਗੀ ਸ਼ਹਿਰਾਂ ਵਿੱਚ ਘਰਾਂ ਦੇ ਨੰਬਰ, ਮੁਹੱਲੇ ਦੇ ਨੰਬਰ ਸਭ ਲਿਖਣੇ ਪੈਂਦੇ ਤਾਂ ਜਾਕੇ ਅੱਪੜਦਿਆਂ ਨੇ ਚਿੱਠੀਆਂ, ਐਨੀ ਗੱਲ ਸੁਣ ਜਸਬੀਰ ਤੇ ਉਸਦੀ ਜਮਾਤਣ ਜਸਬੀਰ ਦੇ ਭੋਲੇਪਣ ਤੇ ਮੈਡਮ ਜੀ ਨਾਲ ਹੋਏ ਅਵੱਲੇ ਇਸ਼ਕ ਤੇ ਹੱਸਣ ਲੱਗੀਆਂ। ਅੱਜ ਵੀ ਜਸਬੀਰ ਨੇ ਉਹ ਬਿਨਾ ਪਤੇ ਵਾਲੀ ਚਿੱਠੀ ਸੰਭਾਲ ਕੇ ਰੱਖੀ ਏ, ਜਦੋਂ ਵੀ ਕਿਤੇ ਖੋਲ੍ਹਦੀ ਏ ਤੇ ਅੱਜ ਵੀ ਖਿੜਖੜਾ ਹੱਸ ਪੈਂਦੀ, ਜਸਬੀਰ ਅੱਜ ਬਹੁਤ ਸੋਹਣੀਆਂ ਕਵਿਤਾਵਾਂ ਲਿਖਦੀ ਹੈ।

# ਚੈਟਬੋਟ ਕੀ ਹੈ?

ਮਾਈਕਲ ਮੌਲਦੀਨ ਨੇ 1990 ਦੇ ਵਿੱਚ ਸ਼ਬਦ "ਚੈਟਰਬੋਟ" ਦੀ ਵਰਤੋ ਇੰਟਰਐਕਟਿਵ ਗਲਬਾਤ ਪ੍ਰੋਗਰਾਮਾਂ ਦਾ ਵਰਣਨ ਕਰਨ ਲਈ ਕੀਤੀ ਸੀ ਪਰ ਬਾਅਦ ਦੇ ਵਿੱਚ ਇਸਨੂੰ ਛੋਟਾ ਕਰਕੇ "ਚੈਟਬੋਟ" ਕਰ ਦਿਤਾ ਗਿਆ।ਚੈਟਬੋਟ ਇੱਕ ਆਰਟੀਫਿਸ਼ੀਅਲ ਇੰਟੈਲੀਜੈਂਸ ਆਧਾਰਿਤ ਐਪਲੀਕੇਸਨ ਹੈ ਜੋ ਮਨੁੱਖ ਦੇ ਨਾਲ ਉਸਦੀ ਭਾਸ਼ਾ ਦੇ ਵਿੱਚ ਬੋਲਕੇ ,ਲਿਖਕੇ ਜਾਂ ਦੋਹਾਂ ਤਰਾਂ ਚੈਟ ਕਰ ਸਕਦਾ ਹੈ।ਚੈਟਬੋਟ ਨੂੰ ਮਨੁੱਖੀ ਦਖਲਅੰਦਾਜੀ ਤੋ ਬਿਨਾਂ ਸੁਤੰਤਰ ਰੂਪ ਦੇ ਵਿੱਚ ਕੰਮ ਕਰਨ ਲਈ ਪ੍ਰੋਗਰਾਮ ਕੀਤਾ ਜਾਂਦਾ ਹੈ।ਇਹ ਸਟੋਰ ਪ੍ਰਸ਼ਨਾਂ ਦੇ ਉੱਤਰ ਹੀ ਮਨੁੱਖੀ ਭਾਸ਼ਾ ਦੇ ਵਿੱਚ ਦੇ ਸਕਦਾ ਹੈ।ਇਹ ਪਰਿਭਾਸ਼ਿਤ ਸਕ੍ਰਿਪਟਾਂ ਅਤੇ ਮਸ਼ੀਨ ਸਿਖਲਾਈ ਐਪਲੀਕੇਸ਼ਨਾਂ ਦੇ ਆਧਾਰ ਤੇ ਉੱਤਰ ਦਿੰਦਾ ਹੈ।ਜਦੋ ਵੀ ਚੈਟਬੋਟ ਨੂੰ ਕੋਈ ਪ੍ਰਸ਼ਨ ਪੁੱਛਦੇ ਹਾਂ ਤੇ ਚੈਟਬੋਟ ਸਾਡੇ ਪ੍ਰਸ਼ਨ ਨੂੰ ਕਈ ਹਿੱਸਿਆਂ ਦੇ ਵਿੱਚ ਤੋੜਕੇ ਸਮਝਦਾ ਹੈ ਅਤੇ ਉਸਦਾ ਜਵਾਬ ਆਪਣੇ ਨੋਲੇਜਬੇਸ ਦੇ ਵਿੱਚੋ ਲੱਭਕੇ ਦਿੰਦਾ ਹੈ।ਚੈਟਬੋਟ ਦੀਆਂ ਕਈ ਕਿਸਮਾਂ ਹਨ:-1) ਮੀਨੂੰ ਜਾਂ ਬਟਨ ਆਧਾਰਤ ਚੈਟਬੋਟ-ਇਹ ਚੈਟਬੋਟ ਡਸੀਜ਼ਨ ਟ੍ਰੀ ਦੀ ਸ਼੍ਰੇਣੀ ਹੁੰਦੀ ਹੈ ਜੋ ਬਟਨਾਂ ਰਾਹੀਂ ਪੇਸ਼ ਕੀਤੀ ਜਾਂਦੀ ਹੈ ਉਦਾਹਰਣ ਲਈ ਆਟੋਮੈਟਿਕ ਫੋਨ ਮੀਨੂੰ।2) ਭਾਸ਼ਾਈ ਜਾਂ ਨਿਯਮ ਆਧਾਰਤ ਚੈਟਬੋਟ-ਭਾਸ਼ਾਈ ਜਾਂ ਨਿਯਮ ਆਧਾਰਤ ਚੈਟਬੋਟ ਜੇ ਜਾਂ ਫਿਰ ਤਰਕ ਦੀ ਵਰਤੋ ਕਰਕੇ ਗਲਬਾਤ ਦਾ ਪ੍ਰਵਾਹ ਬਣਾਉਂਦੇ ਹਨ ਇਸ ਲਈ ਸਾਨੂੰ ਚੈਟਬੋਟ ਦੀਆਂ ਭਾਸ਼ਾ ਦੀਆਂ ਸ਼ਰਤਾਂ ਨੂੰ ਪਰਿਭਾਸ਼ਤ ਕਰਨਾ ਪੈਂਦਾ ਹੈ ਇਸਦੇ ਵਿੱਚ ਸਾਨੂੰ ਸ਼ਬਦ,ਸ਼ਬਦਾਂ ਦੇ ਕ੍ਰਮ,ਸਮਾਨਰਥੀ ਸ਼ਬਦਾਂ ਦਾ ਧਿਆਨ ਰੱਖਣਾ ਪੈਂਦਾ ਹੈ।ਜੇ ਆਉਣ ਵਾਲੀ ਪੁੱਛਗਿੱਛ ਚੈਟਬੋਟ ਦੀਆਂ ਸ਼ਰਤਾਂ ਦੇ ਨਾਲ ਮੇਲ ਖਾਂਦੀ ਹੈ ਤੇ ਪ੍ਰਸ਼ਨਕਰਤਾ ਨੂੰ ਉੱਤਰ ਪ੍ਰਾਪਤ ਹੋਵ-ਗਾ।3) ਕੀਵਰਡ ਮਾਨਤਾ ਆਧਾਰਤ ਚੈਟਬੋਟ-ਇਹ ਚੈਟਬੋਟ ਅਨੁਕੂਲਿਤ ਕੀਵਰਡਸ ਅਤੇ ਨੈਚਰਲ ਲੈਂਗੁਇਜ ਪ੍ਰੋਸੈਸਿੰਗ ਦੀ ਵਰਤੋ ਇਹ ਨਿਰਧਾਰਨ ਕਰਨ ਲਈ ਕਰਦੇ ਹਨ ਕਿ ਪ੍ਰਸ਼ਨਕਰਤਾ ਨੂੰ ਢੁਕਵਾਂ ਉੱਤਰ ਕਿਵੇਂ ਦੇਣਾ ਹੈ।4) ਮਸ਼ੀਨ ਲਰਨਿੰਗ ਚੈਟਬੋਟ-ਇਹ ਚੈਟਬੋਟ ਸਿਖਣ ਅਤੇ ਅਗੇ ਵੱਧਣ ਲਈ ਖਾਸ ਉਪਭੋਗਤਾਵਾਂ ਦੀ ਗੱਲਬਾਤ ਨੂੰ ਯਾਦ ਰੱਖਣ ਲਈ ਮਸ਼ੀਨ ਲਰਨਿੰਗ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਵਰਤੋ ਕਰਦੇ ਹਨ।5) ਹਾਈਬ੍ਰਿਡ ਮਾਡਲ-ਹਾਈਬ੍ਰਿਡ ਮਾਡਲ ਨਿਯਮ ਆਧਾਰਤ ਚੈਟਬੋਟ ਦੀ ਸਾਦਗੀ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਚੈਟਬੋਟ ਦੀ ਜਟਿਲਤਾ ਦਾ ਸੁਮੇਲ ਹੈ।6) ਵੌਇਸ ਬੋਟ-ਯੂਜ਼ਰ ਦੇ ਵੱਲੋ ਵੌਇਸ ਕਮਾਂਡ ਦੇ ਰਾਹੀਂ ਵੌਇਸ ਬੋਟ ਨੂੰ ਹਿਦਾਇਤਾਂ ਦੇ ਕੰਮ ਕਰਵਾਇਆ ਜਾਂਦਾ ਹੈ।ਐਪਲ ਦੀ ਸਿਰੀ ਅਤੇ ਐਮਾਜ਼ਾਨ ਦੀ ਅਲੈਕਸਾ ਇਸਦੀ ਉਦਾਹਰਣਾਂ ਹਨ।ਸਭ ਤੋ ਪਹਿਲਾਂ ਐਲਿਜ਼ਾ ਨਾਂ ਚੈਟਬੋਟ 1994 ਦੇ ਵਿੱਚ ਜੋਸਫ ਵੇਜੈਨਬੌਮ ਨੇ ਮੈਸੇਚਿਉਸੇਟਸ ਇੰਸਟੀਚਿਊਟ ਆਫ ਟੈਕਨੋਲੋਜੀ ਵਿਖੇ ਬਣਾਇਆ ਸੀ।

-ਅੰਮ੍ਰਿਤਬੀਰ ਸਿੰਘ
9877094504



# ਸ਼੍ਰੋਮਣੀ ਕਮੇਟੀ ਦੀ ਸਾਈਟ ਤੋਂ ਪੁਰਾਣੇ ਕਥਾ ਕੀਰਤਨ ਚੁੱਕਣ ਦਾ ਕੇਸ ਅਕਾਲ ਤਖ਼ਤ ਸਾਹਿਬ ਪੁੱਜਾ

ਅੰਮ੍ਰਿਤਸਰ, 27 ਮਈ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਧਿਕਾਰਤ ਵੈਬਸਾਈਟ ਤੋਂ ਪਹਿਲਾਂ ਮੌਜੂਦ ਸਮੱਗਰੀ ਹਟਾਉਣ ਦਾ ਕੇਸ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜ ਗਿਆ ਹੈ। ਫੈਡਰੇਸ਼ਨ ਆਗੂ ਪ੍ਰੋ. ਸਰਚਾਂਦ ਸਿੰਘ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਨੂੰ ਪੱਤਰ ਭੇਜ ਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਉੱਤੇ ਵੈਬਸਾਈਟ ਤੋਂ ਪੁਰਾਤਨ ਤੇ ਨਵਾਂ ਰਸਭਿੰਨਾ ਕੀਰਤਨ, ਹੁਕਮਨਾਮਾ ਸਾਹਿਬ ਦੀਆਂ ਕਥਾਵਾਂ ਆਦਿ ਕੌਮੀ ਵਿਰਾਸਤ ਦਾ ਅਨਮੋਲ ਖਜ਼ਾਨਾ ਖੁਰਦ-ਬੁਰਦ ਕਰਨ ਦਾ ਦੋਸ਼ ਲਾਇਆ ਤੇ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਬੀਬੀ ਜਗੀਰ ਕੌਰ ਨੇ ਕੌਮੀ ਸਰਮ-ਾਇਆ ਖੁਰਦ-ਬੁਰਦ ਕਰਕੇ ਪੰਥ ਨਾਲ ਵੱਡਾ ਧ੍ਰੋਹ ਕਮਾਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਵੱਲੋਂ ਗੁਰਮਤਿ ਪ੍ਰਚਾਰ ਦੇ ਨਾਲ ਹੀ ਗੁਰੂ ਸਾਹਿਬਾਨ ਵੱਲੋਂ ਪ੍ਰਥਾਈ ਗੁਰਮੁਖੀ ਨੂੰ ਉਤਸ਼ਾਹਿਤ ਕਰਨ ਦੀ ਥਾਂ ਗੁਰਮੁਖੀ (ਪੰਜਾਬੀ) ਨੂੰ ਤਿਲਾਂਜਲੀ ਦੇ ਕੇ ਅੰਗਰੇਜ਼ੀ ਵਿੱਚਬਦਲੀ ਗਈ ਜਿਹੜੀ ਨਵੀਂ ਵੈਬਸਾਈਟਰੱਖੀ ਹੈ, ਉਹ ਸਿੱਖ ਕੌਮ ਅਤੇ ਮਹਾਨ ਸ਼ਹੀਦਾਂ ਦੀ ਧਾਰਮਿਕ ਸੰਸਥਾ ਦੀ ਪ੍ਰਤੀਨਿਧਤਾ ਦੀ ਥਾਂ ਫਿਲਮੀ ਅਦਾਕਾਰਾਂ ਦੀ ਪ੍ਰਮੋਸ਼ਨ, ਰਾਜਨੀਤਕ ਅਤੇ ਵਪਾਰਕ ਅਦਾਰੇ ਦੀ ਵੈਬਸਾਈਟ ਪ੍ਰਤੀਤ ਹੁੰਦੀ ਹੈ। ਚਾਰ ਮਹੀਨੇ ਤੋਂ ਸ਼ੁਰੂ ਕੀਤੀ ਗਈ ਇਸ ਵੈਬਸਾਈਟ ਵਿੱਚ ਕਿਤੇ ਵੀ ਸਿੱਖ ਗੁਰੂ ਸਾਹਿਬਾਨ ਦੀ ਜੀਵਨੀ, ਵਿਚਾਰਧਾਰਾ, ਫਲਸਫਾ, ਸਿੱਖ ਇਤਿਹਾਸ ਅਤੇ ਸਿੱਖੀ ਸਿਧਾਂਤਾਂ ਬਾਰੇ ਨਿੱਕੀ ਜਿੰਨੀ ਜਾਣਕਾਰੀ ਵੀ ਨਹੀਂ। ਪ੍ਰਮੁੱਖ ਪੰਨੇ ਦੇ ਪੈਰਾਂ ਵਿੱਚ ਫਲਾਇੰਗ ਜੈਟ ਅਤੇ ਫ਼ਿਲਮੀ ਹਸਤੀਆਂ ਦੇ ਸ੍ਰੀ ਦਰਬਾਰ ਸਾਹਿਬ ਦੇ ਦੌਰੇ ਨੂੰ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਵੈਬਸਾਈਟ ਤੋਂ ਸਿੱਖ ਇਤਿਹਾਸ ਤੇ ਗੁਰਬਾਣੀ ਫਲਸਫ਼ਾ ਆਦਿ ਪੁਸਤਕਾਂ ਦੀਆਂ ਪੀ ਡੀ ਐਫ ਫਾਈਲਾਂ ਗਾਇਬ ਕਰਨ, ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ ਤੇ ਅਧਿਕਾਰੀਆਂ ਦੇ ਸੰਪਰਕ ਲਈ ਟੈਲੀਫੋਨ ਨੰਬਰਾਂ ਨੂੰ ਮਨਫ਼ੀ ਕਰਨ ਜਾਣ, ਦਸਮ ਗ੍ਰੰਥ, ਦਿਨ ਤਿਉਹਾਰਾਂ ਦਾ ਵੇਰਵਾ ਆਦਿ ਗੁੱਲ ਕਰ ਦਿੱਤੇ ਜਾਣ ਉੱਤੇ ਹੈਰਾਨੀ ਪ੍ਰਗਟਾਈ ਹੈ।

## ਐੱਨ ਜੀ ਟੀ ਦਾ ਸੁਝਾਅ, ਲਾਵਾਰਸ ਲਾਸ਼ਾਂ ਦਾ ਐਲ ਪੀ ਜੀ ਕ੍ਰਿਮੇਟੋਰੀਆ ਨਾਲ ਸਸਕਾਰ ਕਰਨ ਬਾਰੇ ਰਾਜ ਸਰਕਾਰਾਂ ਸੋਚਣ

ਚੰਡੀਗੜ੍ਹ, 27 ਮਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਵਧਦੀਆਂ ਲਾਵਾਰਸ ਲਾਸ਼ਾਂ ਅਤੇ ਉਨ੍ਹਾਂ ਦਾ ਐਲ ਪੀ ਜੀ ਕ੍ਰਿਮੇਟੋਰੀਆ ਵਿੱਚ ਅੰਤਿਮ ਸੰਸਕਾਰ ਕਰਵਾਉਣ ਜਾਣ ਦੀ ਮੰਗ ਬਾਰੇ ਐਡਵੋਕੇਟ ਐਚ ਸੀ ਅਰੋੜਾ ਨੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ ਜੀ ਟੀ) ਵਿੱਚ ਜੋ ਪਟੀਸ਼ਨ ਦਾਇਰ ਕੀਤੀ ਸੀ, ਉਸ ਉੱਤੇ ਐਨ ਜੀ ਟੀ ਨੇ ਦੇਸ਼ ਦੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਵਿਚਾਰ ਕਰ ਕੇ ਲੋੜੀਂਦੇ ਫੈਸਲੇ ਲੈਣ ਦੇ ਹੁਕਮ ਦਿੱਤੇ ਹਨ।

ਐਡਵੋਕੇਟ ਐਚ ਸੀ ਅਰੋੜਾ ਨੇ ਐਨ ਜੀ ਟੀ ਵਿੱਚ ਪਟੀਸ਼ਨ ਕੀਤੀ ਸੀ ਕਿ ਕੋਰੋਨਾ ਦੇ ਕਾਰਨ ਵੱਡੀ ਗਿਣਤੀ ਵਿੱਚ ਮੌਤਾਂ ਹੋ ਰਹੀਆਂ ਹਨ। ਇਸ ਦੌਰਾਨ ਏਦਾਂ ਦੇ ਕੇਸ ਵੀ ਪਤਾ ਲੱਗੇ ਹਨ, ਜਿੱਥੇ ਲਾਸ਼ਾਂ ਨੂੰ ਲਾਵਾਰਸ ਪਾਇਆ ਜਾ ਰਿਹਾ ਹੈ। ਅਰੋੜਾ ਨੇ ਕਿਹਾ ਕਿ ਇਨ੍ਹਾਂ ਲਾਸ਼ਾਂ ਦਾ ਸਹੀ ਤਰੀਕੇ ਨਾਲ ਅੰਤਿਮ ਸੰਸਕਾਰ ਕਰਨਾ ਜ਼ਰੂਰੀ ਹੈ। ਇਸ ਲਈ ਲਾਸ਼ਾਂ ਦਾ ਐਲ ਪੀ ਜੀ ਕ੍ਰਿਮੇਟੋਰੀਆ ਯਾਨੀ ਗੈਸ ਚੈਂਬਰ ਵਿੱਚ ਅੰਤਿਮ ਸੰਸਕਾਰ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾ ਨੇ ਕਿਹਾ ਕਿ ਲੋਕਾਂ ਨੂੰ ਲੱਕੜਾਂ ਦੀ ਜਗ੍ਹਾ ਗੈਸ ਚੈਬਰ ਵਿੱਚ ਲਾਸ਼ਾਂ ਦੇ ਅੰਤਿਮ ਸੰਸਕਾਰ ਕਰਨ ਲਈ ਪ੍ਰੇਰਿਤ ਕੀਤਾ ਜਾਏ। ਅਰੋੜਾ ਨੇ ਸੁਝਾਅ ਦਿੱਤਾ ਕਿ ਗੈਸ ਸਿਲੰਡਰਾਂ ਦੀ ਮੁਫਤ ਸਪਲਾਈ ਇਸ ਵਿੱਚ ਅਹਿਮ ਹੋਵੇਗੀ ਤੇ ਲੋਕਾਂ ਨੂੰ ਆਪਣੇ ਪਿਆਰਿਆਂ ਦਾ ਅੰਤਿਮ ਸੰਸਕਾਰ ਇੰਜ ਕਰਨ ਲਈ ਪ੍ਰੇਰਿਤ ਕਰੇਗੀ। ਉਨ੍ਹਾ ਨੇ ਪਟੀਸ਼ਨ ਵਿੱਚ ਕੇਂਦਰ ਦੇ ਨਾਲ ਪੰਜਾਬ ਅਤੇ ਹਰਿਆਣਾ ਨੂੰ ਵੀ ਧਿਰ ਬਣਾਇਆ ਸੀ, ਪਰ ਐਨ ਜੀ ਟੀ ਨੇ ਇਸ ਦਾ ਘੇਰਾ ਵਧਾ ਕੇ ਦੇਸ਼ ਦੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਇਸ ਉੱਤੇਵਿਚਾਰ ਕਰਨ ਤੇ ਲੋੜੀਂਦੇ ਫੈਸਲੇ ਲੈਣ ਦੇ ਹੁਕਮ ਦੇ ਕੇ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਹੈ।

## ਬੇਜ਼ੁਬਾਨ ਜਾਨਵਰ ਨਾਲ ਹਵਸ ਮਿਟਾਉਣ ਵਾਲੇ ਦੋ ਜਣੇ ਗ੍ਰਿਫ਼ਤਾਰ

ਭੋਗਪੁਰ, 27 ਮਈ (ਪੋਸਟ ਬਿਊਰੋ)- ਭੋਗਪੁਰ ਇਲਾਕੇ ਵਿੱਚ ਇੱਕ ਬੇਜੁਬਾਨ ਜਾਨਵਰ ਦੇ ਨਾਲ ਹਵਸ ਮਿਟਾ ਰਹੇ ਇੱਕ ਨੌਜਵਾਨ ਦਾ ਵੀਡੀਓ ਵਾਇਰਲ ਹੋਣ ਉੱਤੇ ਭੋਗਪੁਰ ਅਤੇ ਪਚਰੰਗਾ ਪੁਲਸ ਨੇ ਦੋ ਦੋਸ਼ੀਆਂ ਦੀ ਪਛਾਣ ਕਰਕੇਕੇਸ ਦਰਜ ਕਰ ਲਿਆ ਅਤੇ ਇਸ ਦੇ ਬਾਅਦ ਛਾਪੇ ਮਾਰਕੇ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਥਾਣਾ ਭੋਗਪੁਰ ਦੇ ਇੰਚਾਰ ਮਨਜੀਤ ਸਿੰਘ ਨੇ ਦੱਸਿਆ ਕਿ ਇਸ ਕੇਸ ਦੀ ਵੀਡੀਓ ਵਾਇਰਲ ਹੋਣ ਪਿੱਛੋਂ ਪੁਲਸ ਨੇ ਨੌਜਵਾਨਾਂ ਦੀ ਖੋਜ ਸ਼ੁਰੂ ਕੀਤੀ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਸ ਵਿੱਚ ਦਿਖਾਈ ਦੇ ਰਿਹਾ ਨੌਜਵਾਨ ਅਸ਼ਵਨੀ ਕੁਮਾਰ ਪੁੱਤਰ ਮਹਿੰਦਰ ਪਾਲ ਪਿੰਡ ਜਮਾਲਪੁਰ ਥਾਣਾ ਭੋਗਪੁਰ ਦਾ ਵਾਸੀ ਹੈ।ਪੁਲਸ ਨੂੰ ਇਹ ਵੀ ਪਤਾ ਲੱਗਾ ਕਿ



ਇਸ ਕੰਮ ਦੀ ਵੀਡੀਓ ਬਣਾਉਣ ਵਾਲਾ ਉਸਦਾ ਸਾਥੀ ਕਮਲ ਪੁੱਤਰ ਜੱਜ ਹੈ। ਪੁਲਸ ਨੇ ਦੋਵਾਂ ਘਰਾਂ ਵਿੱਚ ਰੇਡ ਕਰਕੇ ਇਨ੍ਹਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ।ਪੁੱਛਗਿੱਛ ਦੌਰਾਨ ਦੋਵਾਂ ਨੇ ਦੱਸਿਆ ਕਿ ਇਹ ਪਾਪ ਨੂੰ ਉਨ੍ਹਾਂ ਨਸ਼ੇ ਵਿੱਚ ਕੀਤਾ ਹੈ। ਦੋਸ਼ੀ ਕਮਲ ਨੇ ਕਿਹਾ ਕਿ ਉਸ ਨੇ ਆਪਣਾ ਮੋਬਾਈਲ ਫ਼ੋਨ ਵੇਚ ਦਿੱਤਾ ਸੀ। ਪੁਲਸ ਵੱਲੋਂ ਸਾਈਬਰ ਕ੍ਰਾਈਮ ਸ਼ਾਖਾ ਦੀ ਮਦਦ ਲਈ ਜਾ ਰਹੀ ਹੈ ਅਤੇ ਜਲਦ ਹੀ ਫ਼ੋਨ ਬਰਾਮਦ ਕਰ ਲਿਆ ਜਾਏਗਾ।

# ਨਸ਼ੇ ਲਈ ਹਵਾਲਾ ਰਾਹੀਂ 1.78 ਕਰੋੜ ਪਾਕਿ ਭੇਜਣ ਵਾਲਾ ਪਹਿਲਵਾਨ ਕਾਬੂ

ਤਰਨ ਤਾਰਨ, 27 ਮਈ (ਪੋਸਟ ਬਿਊਰੋ)- ਪਿਛਲੇ ਅਪ੍ਰੈਲ ਵਿੱਚ ਪੱਟੀ ਇਲਾਕੇ ਤੋਂ ਮਿਲੀ ਦੋ ਕਿਲੋਗਰਾਮ ਹੈਰੋਇਨ ਦੇ ਤਾਰ ਪਾਕਿਸਤਾਨ ਦੇ ਹਵਾਲਾ ਅਤੇ ਡਰੱਗ ਰੈਕੇਟ ਨਾਲ ਜਾ ਜੁੜੇ ਹਨ। ਸਥਾਨਕ ਪੁਲਸ ਨੇ ਇਸ ਕੇਸ ਵਿੱਚ ਅੰਮ੍ਰਿਤਸਰ ਦੇ ਪਹਿਲਵਾਨ ਮਨੋਹਰ ਲਾਲ ਉਰਫ ਐਂਥਨੀ ਨੂੰ ਮੰਗਲਵਾਰ ਰਾਤ ਗ੍ਰਿਫਤਾਰ ਕੀਤਾ ਹੈ। ਉਸ ਦਾ ਸੰਪਰਕ ਪਾਕਿਸਤਾਨ ਵਿੱਚ ਬੈਠੇ ਨਸ਼ਾ ਤਸਕਰਾਂ ਨਾਲ ਸੀ ਅਤੇ ਉਥੋਂ ਨਸ਼ੀਲੇ ਪਦਾਰਥਾਂ ਦੀ ਖੇਪ ਦੀ ਖੇਪ ਮੰਗਵਾਉਣ ਲਈ ਉਹ 1.78 ਕਰੋੜ ਰੁਪਏ ਹਵਾਲਾ ਦੇ ਤਰੀਕਿਆਂ ਰਾਹੀਂ ਪਾਕਿਸਤਾਨ ਭੇਜ ਚੁੱਕਾ ਹੈ।



ਐਸ ਐਸ ਪੀ ਧਰੁਮਨ ਐਚ ਨਿੰਬਾਲੇ ਨੇ ਦੱਸਿਆ ਕਿ ਚਾਰ ਅਪ੍ਰੈਲ ਨੂੰ ਨਾਰਕੋਟਿਕਸ ਸੈਲ ਨੇ ਪੱਟੀ ਇਲਾਕੇ ਵਿੱਚ ਫਿਰੋਜ਼ਪੁਰ ਦੇ ਬੰਡਾਲਾ ਪਿੰਡ ਦੇ ਤਸਕਰ ਨਿਸ਼ਾਨ ਸਿੰਘ ਨੂੰ ਗ੍ਰਿਫਤਾਰ ਕੀਤਾ ਤਾਂ ਉਸ ਕੋਲੋਂ ਦੋ ਕਿਲੋ ਹੈਰੋਇਨ ਤੇ 2540 ਰੁਪਏ ਨਕਦੀ ਮਿਲੀ ਸੀ। ਇਸ ਪਿੱਛੋਂ ਇਸ ਕੇਸ ਨਾਲ ਜੁੜੇ ਗੋਰਾ ਨਾਂਅ ਦਾ ਤਸਕਰ ਫੜਿਆ ਤਾਂ ਪੁੱਛਗਿੱਛ ਦੇ ਆਧਾਰ ਉੱਤੇ ਐਂਥਨੀ ਦੀ ਗ੍ਰਿਫਤਾਰੀ ਹੋਈ ਸੀ। ਐਸ ਪੀ (ਆਈ) ਮਹਿਤਾਬ ਸਿੰਘ ਵਿਰਕ ਦੇ ਮੁਤਾਬਕ ਜਾਂਚ ਵਿੱਚ ਪਤਾ ਲੱਗਾ ਕਿ ਹੈਰੋਇਨ ਦੀ ਇਹ ਖੇਪ ਪਾਕਿਸਤਾਨ ਤੋਂ ਮੰਗਵਾਈ ਗਈ ਸੀ ਤੇ ਉਹ ਪਹਿਲਾਂ ਵੀ ਕਈ ਵਾਰ ਹੈਰੋਇਨ ਮੰਗਵਾ ਚੁੱਕਾ ਹੈ। ਐਂਥਨੀ ਦਾ ਘਰ ਅੰਮ੍ਰਿਤਸਰ ਦੇ ਐਨਮ ਸਿਨੇਮਾ ਦੇ ਨੇੜੇ ਹੈ। ਉਹ ਲੰਬੇ ਸਮੇਂ ਤੋਂ ਇਸ ਨਾਲ ਜੁੜਿਆ ਹੋਇਆ ਸੀ।

ਪਤਾ ਲੱਗਾ ਹੈ ਕਿ ਪੰਜਾਬ ਵਿੱਚ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਐਂਥਨੀ ਦਾ ਸਭ ਵਿੱਚਅਸਰ-ਰਸੂਖਹੁੰਦਾਸੀ ਤੇ ਮਹਿੰਗੀਆਂ ਗੱਡੀਆਂ ਵਿੱਚ ਘੁੰਮਣ ਵਾਲਾ ਐਂਥਨੀ ਫਾਇਨੈਂਸ ਦਾ ਵੱਡਾ ਕਾਰੋਬਾਰੀ ਹੈ, ਜਿਸ ਦੇ ਕਈ ਨੇਤਾਵਾਂ ਨਾਲ ਸਬੰਧ ਹਨ। ਇਨ੍ਹਾਂ ਵਿੱਚੋਂ ਇੱਕ ਦੇ ਬਾਰੇ ਖੁਫੀਆ ਏਜੰਸੀਆਂ ਨੇ ਪਿੱਛੇ ਜਿਹੇ ਸਰਕਾਰ ਨੂੰ ਰਿਪੋਰਟ ਭੇਜੀ ਹੈ। ਐਸ ਐਸ ਪੀ ਧਰੁਮਨ ਐਚ ਨਿੰਬਾਲੇ ਨੇ ਦੱਸਿਆ ਕਿ ਡਰੱਗਸ ਲਈ ਪਾਕਿਸਤਾਨ ਵਿੱਚ ਵੱਡੇ ਪੱਧਰ ਉੱਤੇ ਹਵਾਲਾ ਰਾਸ਼ੀ ਭੇਜਣ ਦੇ ਕੇਸ ਦਾ ਪਹਿਲੀ ਵਾਰ ਪਰਦਾ ਫਾਸ਼ ਹੋਇਆ ਹੈ।

# ਸੁਰੱਖਿਆ ਦੇਣ ਵਾਲੀ ਪੁਲਸ ਨੇ ਸ਼ਿਕਾਰੀ ਵਾਂਗ ਵਿਹਾਰ ਕੀਤੈ: ਹਾਈ ਕੋਰਟ

*** ਵਿਧਵਾ ਔਰਤ ਦੇ ਕੋਰੋਨਾ ਪੀੜਿਤ ਬੇਟੇ ਉੱਤੇ ਕੇਸ ਦਰਜ ਕਰ ਦਿੱਤਾ**

ਚੰਡੀਗੜ੍ਹ, 27 ਮਈ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਪੁਲਸ ਨੂੰ ਇੱਕ ਕੇਸ ਵਿੱਚ ਝਾੜ ਪਾ ਕੇ ਇੱਕ ਵਿਧਵਾ ਔਰਤ ਦੇ ਦੋਸ਼ਾਂ ਬਾਰੇ ਕਿਹਾ ਹੈ ਕਿ ਔਰਤ ਵੱਲੋਂ ਪੁਲਸ ਮੁਲਜ਼ਮਾਂ ਦੀ ਸਰੀਰਕ ਸੰਬੰਧ ਸਥਾਪਤ ਕਰਨ ਦੀ ਮੰਗ ਠੁਕਰਾਉਣ ਪਿੱਛੋਂ ਪੁਲਸ ਨੇ ਉਸਦੇ ਕੋਰੋਨਾ ਨਾਲ ਪੀੜਤ ਲੱਗਭਗ 20 ਸਾਲਾਂ ਦੇ ਬੇਟੇ ਨੂੰ ਡਰੱਗ ਕੇਸ ਵਿੱਚ ਫਸਾ ਦਿੱਤਾ ਅਤੇ ਇਸ ਦੇ ਬਾਅਦ ਪੁਲਸ ਇਸਕੇਸ ਵਿੱਚ ਸ਼ਿਕਾਰੀ ਬਣ ਗਈ।

ਹਾਈ ਕੋਰਟ ਨੇ ਕਿਹਾ ਕਿ ਇਹ ਏਦਾਂ ਦਾ ਕੇਸ ਹੈ, ਜਿੱਥੇ ਸੁਰੱਖਿਆ ਦੇਣ ਵਾਲੇ/ਕਾਨੂੰਨ ਲਾਗੂ ਕਰਨ ਵਾਲੇ ਖੁਦਸ਼ਿਕਾਰੀ ਬਣ ਗਏ। ਇਸ ਕੇਸ ਵਿੱਚ ਪੀੜਤ ਮਹਿਲਾ 38 ਸਾਲਾਂ ਦੀ ਵਿਧਵਾ ਹੈ। ਉਸ ਵੱਲੋਂ ਲਾਏ ਦੋਸ਼ਾਂ ਮੁਤਾਬਕ ਉਸ ਦੇ ਬੇਟੇ ਦੇ ਖ਼ਿਲਾਫ਼ ਡਰੱਗ ਦਾ ਝੂਠਾ ਕੇਸ ਦਰਜ ਕੀਤਾ ਗਿਆ ਸੀ। ਆਪਣੇ ਬੇਟੇ ਨੂੰ ਛੁਡਾਉਣ ਲਈ ਉਨ੍ਹਾਂ ਨੂੰ ਕਰਾਈਮ ਬ੍ਰਾਂਚ ਸਟਾਫ ਦੀ ਸਰੀਰਕ ਸੰਬੰਧ ਬਣਾਉਣ ਦੀ ਮੰਗ ਮੰਨਣੀ ਪਈ। ਜਸਟਿਸ ਅਰੁਣ ਮੋਂਗਾ ਨੇ ਪੰਜਾਬ ਦੇ ਡੀ ਜੀ ਪੀ ਨੂੰ ਆਦੇਸ਼ ਕੀਤਾ ਹੈ ਕਿ ਨਵੀਂ ਐਸ ਆਈ ਟੀ ਬਣਾਈ ਜਾਵੇ। ਕੋਰਟ ਨੇ ਇਹ ਵੀ ਸਾਫ਼ ਕੀਤਾ ਹੈ ਕਿ ਨਵੀਂ ਐਸ ਆਈ ਟੀ ਦੀ ਏ ਡੀ ਜੀ ਪੀ ਗੁਰਪ੍ਰੀਤ ਦਿਓ ਮੁਖੀ ਹੋਵੇਗੀ। ਉਨ੍ਹਾਂ ਨੂੰ ਮੁਕਤਸਰ ਦੇ ਐਸ ਐਸ ਪੀ ਡੀ ਸੁਡਰਵਿਜੀ ਅਤੇ ਬੁਢਲਾਡਾ (ਮਾਨਸਾ) ਦੀ ਡੀ ਐਸ ਪੀ ਪ੍ਰਭਜੋਤ ਕੌਰ ਵੀ ਸਹਿਯੋਗ ਕਰਨਗੀਆਂ। ਹਾਈ ਕੋਰਟ ਨੇ ਕਿਹਾ ਕਿ ਇਹ ਨਵੀਂ ਜਾਂਚ ਟੀਮ ਬਲਾਤਕਾਰ ਦੇ ਦੋਸ਼ਾਂ ਸਮੇਤ ਮਹਿਲਾ ਦੇ ਬੇਟੇ ਖ਼ਿਲਾਫ਼ ਦਰਜ ਡਰੱਗ ਕੇਸ ਦੀ ਵੀ ਜਾਂਚ ਕਰੇਗੀ।

## ਕੱਚੇ ਰੈਂਕ ਦਾ ਥਾਣੇਦਾਰ ਕਿਸੇ ਥਾਣੇ ਦਾ ਮੁਖੀ ਨਹੀਂ ਬਣ ਸਕੇਗਾ

ਮੋਗਾ, 27 ਮਈ (ਪੋਸਟ ਬਿਊਰੋ)- ਪੰਜਾਬ ਦੇ ਥਾਣਿਆਂ ਵਿੱਚ ਲੋਕਲ ਰੈਂਕ ਦਾ ਥਾਣੇਦਾਰ ਮੁਖੀ ਨਹੀਂ ਬਣ ਸਕੇਗਾ। ਡੀ ਜੀ ਪੀ ਦਿਨਕਰ ਗੁਪਤਾ ਨੇ ਹਿਦਾਇਤਾਂ ਜਾਰੀ ਕਰ ਕੇ ਖੇਤਰੀ ਅਧਿਕਾਰੀਆਂ ਤੋਂ ਅਜਿਹੇ ਥਾਣੇਦਾਰਾਂ ਦੀ ਸੂਚੀ ਮੰਗੀ ਹੈ। ਇਨ੍ਹਾਂ ਹੁਕਮਾਂ ਮਗਰੋਂ ਥਾਣਾ ਮੁਖੀ ਲੱਗੇ ਲੋਕਲ ਰੈਂਕ ਦੇ ਥਾਣੇਦਾਰਾਂ ਨੂੰ ਬਦਲ ਦਿੱਤਾ ਗਿਆ ਹੈ।

ਇਸ ਸੰਬੰਧ ਵਿੱਚ ਡੀ ਜੀ ਪੀ ਗੁਪਤਾ ਨੇ ਪੱਤਰ ਲਿਖਿਆ ਹੈ ਕਿ ਇਹ ਪੰਜਾਬ ਪੁਲਸ ਦੀਆਂ ਮੱਦਾਂ ਤੇ ਕਾਨੂੰਨ ਦੀ ਉਲੰਘਣਾ ਹੈ। ਲੋਕਲ ਰੈਂਕ ਦੇ ਥਾਣੇਦਾਰ ਢੁਕਵੀਆਂ ਸਰਕਾਰੀ ਹਦਾਇਤਾਂ ਪੂਰੀਆਂ ਨਾ ਕਰਦੇ ਹੋਰ ਕਰ ਕੇ ਉਨ੍ਹਾਂ ਨੂੰ ਥਾਣਾ ਮੁਖੀ ਦਾ ਚਾਰਜ ਨਹੀਂ ਦਿੱਤਾ ਜਾ ਸਕਦਾ। ਡੀ ਜੀ ਪੀ ਨੇ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਤਬਦਾਲੇ ਦੌਰਾਨ ਆਪਣੇ ਹੇਠਲੇ ਮੁਲਾਜ਼ਮਾਂ ਜਾਂ ਅਧਿਕਾਰੀਆਂ ਨੂੰ ਨਵੀਂ ਥਾਂ ਲਿਜਾਣਾ ਬੰਦ ਕਰਨ ਲਈ ਵੀ ਕਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸੀਨੀਅਰ ਪੁਲਸ ਅਧਿਕਾਰੀ ਆਪਣੇ ਜੂਨੀਅਰ ਅਧਿਕਾਰੀਆਂ; ਜਿਵੇਂ ਡੀ ਐਸ ਪੀ, ਐਸ ਐਚ ਓ ਜਾਂ ਨਿੱਜੀ ਸਟਾਫ ਨਾਲ ਲੈ ਜਾਂਦੇ ਹਨ, ਪਰ ਇਸ ਪ੍ਰਥਾ ਨੂੰ ਰੋਕਣਾ ਚਾਹੀਦਾ ਹੈ। ਅਜਿਹੇ ਨਿਰਦੇਸ਼ ਪਹਿਲਾਂ ਵੀ ਜਾਰੀ ਹੋਏ ਸਨ, ਪਰ ਅਮਲ ਵਿੱਚ ਨਹੀਂ ਆਏ।ਪੰਜਾਬ ਵਿੱਚ ਖਾੜਕੂਵਾਦ ਸਮੇਂ ਆਨਰੇਰੀ ਰੈਂਕ ਪਰਮੋਸ਼ਨ (ਓ ਆਰ ਪੀ) ਰੈਂਕ ਦੀ ਰੀਤ ਸ਼ੁਰੂ ਹੋਈ ਅਤੇਓਦੋਂ ਇਸ ਦੀ ਕਦਰ ਸੀ। ਸੀਨੀਅਰ ਅਧਿਕਾਰੀ ਆਪਣੇ ਚਹੇਤਿਆਂ ਨੂੰ ਲੋਕਲ ਰੈਂਕ ਤਰੱਕੀ ਦਿਵਾ ਕੇ ਥਾਣਾ ਮੁਖੀ ਦੀ ਅਹਿਮ ਜ਼ਿੰਮੇਵਾਰੀ ਦੇ ਦਿੰਦੇ ਸਨ। ਲੋਕਲ ਰੈਂਕ ਤਰੱਕੀ ਕਾਰਨ ਸੂਬੇ ਵਿੱਚ ਚੱਲਦੀ ਨਸ਼ਾ ਰੋਕੂ ਮੁਹਿੰਮ ਨੂੰ ਵੀ ਢਾਹ ਲੱਗੀ ਹੈ।






## ਪੀ ਪੀ ਈ ਕਿੱਟ ਖਤਮ ਕਰਨ ਦੀ ਥਾਂ ਦੀ ਧੋਣ ਮਗਰੋਂ ਬਾਜ਼ਾਰ ਵਿੱਚ ਫਿਰ ਸਪਲਾਈ



ਜਬਲਪੁਰ, 27 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਸਤਨਾ ਜ਼ਿਲ੍ਹੇ ਵਿੱਚ ਇੱਕ ਵਾਰ ਵਰਤੇ ਜਾ ਚੁੱਕੇ ਕੁਝ ਪਰਸਨਲ ਪ੍ਰੋਟੈਕਟਿਵ ਇਕਿਵਪਮੈਂਟ (ਪੀ ਪੀ ਈ) ਕਿੱਟ ਅਤੇ ਗਲਵਜ਼ (ਦਸਤਾਨੇ) ਨੂੰ ਨਸ਼ਟ ਨਾ ਕਰ ਕੇ ਗਰਮ ਪਾਣੀ ਨਾਲ ਧੋ ਕੇ ਫਿਰ ਬਾਜ਼ਾਰ ਵਿੱਚ ਸਪਲਾਈ ਕਰਨ ਦਾ ਵੱਡਾ ਮਾਮਲਾ ਸਾਹਮਣੇ ਆਇਆ ਹੈ। ਹੈਰਾਨ ਕਰਨ ਵਾਲੇ ਇਸ ਮਾਮਲੇ ਦਾ ਪਤਾ ਉਦੋਂ ਲੱਗਾ, ਜਦੋਂ ਇੱਕ ਵੀਡੀਓ ਇੰਟਰਨੈਟ ਮੀਡੀਆ ਉੱਤੇ ਵਾਇਰਲ ਹੋਇਆ।

ਸਤਨਾ ਜ਼ਿਲ੍ਹੇ ਦੇ ਬੜਖੇਰਾ ਵਿੱਚ ਬਾਇਓ ਵੇਸਟ ਡਿਸਪੋਜ਼ਲ ਪਲਾਂਟ ਹੈ। ਇਥੇ ਕੋਰੋਨਾ ਮਰੀਜ਼ਾਂ ਦੇ ਇਲਾਜ ਦੌਰਾਨ ਡਾਕਟਰਾਂ ਤੇ ਮੁਲਾਜ਼ਮਾਂ ਵੱਲੋਂ ਵਰਤੀ ਗਈ ਪੀ ਪੀ ਈ ਕਿੱਟ ਨੂੰ ਸਾਵਧਾਨੀ ਨਾਲ ਨਿਯਮਾਂ ਅਨੁਸਾਰ ਨਸ਼ਟ ਕੀਤਾ ਜਾਣਾ ਸੀ, ਪਰ ਇਥੇ ਅਜਿਹੀ ਪੀ ਪੀ ਈ ਕਿੱਟ ਨੂੰ ਗਰਮ ਪਾਣੀ ਵਿੱਚ ਧੋ ਕੇ, ਉਸ ਦੇ ਬੰਡਲ ਬਣਾ ਕੇ ਕਬਾੜੀਏ ਰਾਹੀਂ ਸਤਨਾ ਅਤੇ ਭੋਪਾਲ ਦੇ ਖੁੱਲ੍ਹੇ ਬਾਜ਼ਾਰ ਵਿੱਚ ਵੇਚਣ ਲਈ ਭੇਜਿਆ ਜਾਂਦਾ ਸੀ। ਇਲਾਕੇ ਦੇ ਐਸ ਡੀ ਐਮ ਰਾਜੇਸ਼ ਸ਼ਾਹੀ ਦਾ ਕਹਿਣਾ ਹੈ ਕਿ ਜਾਂਚ ਦੇ ਆਧਾਰ ਉੱਤੇ ਜਲਦੀ ਹੀ ਫੈਕਟਰੀ ਮਾਲਕ ਦੇ ਖਿਲਾਫ ਕਾਰਵਾਈ ਕੀਤੀ ਜਾਏਗੀ। ਬੀਤੇ ਮੰਗਲਵਾਰ ਰਾਤ ਇੱਕ ਵੀਡੀਓ ਇੰਟਰਨੈਟ ਮੀਡੀਆ 'ਤੇ ਵਾਇਰਲ ਹੋਇਆ ਤਾਂ ਜਾਂਚ ਵਿੱਚ ਪਤਾ ਲੱਗਾ ਕਿ ਬੜਖੇਰਾ ਪਿੰਡ ਦੇ ਨੌਜਵਾਨ ਨੇ ਬਾਇਓ ਵੇਸਟ ਡਿਸਪੋਜ਼ਲ ਪਲਾਂਟ ਦੇ ਅੰਦਰ ਚੱਲਦੀ ਇਸ ਕਰਤੂਤ ਦਾ ਵੀਡੀਓ ਬਣਾਇਆ ਹੈ, ਜਿਸ ਵਿੱਚ ਪੀ ਪੀ ਈ ਕਿੱਟ ਅਤੇ ਗਲਵਜ਼ ਦੇ ਵੱਖ-ਵੱਖ ਬੰਡਲ ਬਣ ਕੇ ਰੱਖੇ ਦਿੱਸਦੇ ਹਨ, ਜਿਨ੍ਹਾਂ ਨੂੰ ਬਾਕਾਇਦਾ ਟੱਬ ਵਿੱਚ ਗਰਮ ਪਾਣੀ ਵਿੱਚ ਪਾਉਣ ਪਿੱਛੋਂ ਧੋ ਕੇ ਸੁਕ-ਾਇਆ ਗਿਆ ਹੈ। ਇਸ ਦੇ ਬਾਅਦ ਪਲਾਂਟ ਦੇ ਅੰਦਰ ਕੰਮ ਕਰ ਰਹੇ ਮਜ਼ਦੂਰ ਇਨ੍ਹਾਂ ਦੇ ਬੰਡਲ ਤਿਆਰ ਕਰਦੇ ਹਨ। ਪੈਕਿੰਗ ਏਦਾਂ ਕੀਤੀ ਜਾਂਦੀ ਹੈ ਕਿ ਬੰਡਲ ਨਵੇਂ ਦਿੱਸਣ। ਇਸ ਸਮੇਂ ਕਲਰ ਵੱਲ ਵੀ ਧਿਆਨ ਦਿੱਤਾ ਜਾਂਦਾ ਹੈ ਤਾਂ ਕਿ ਕਿੱਟ ਨਵੀਂ ਲੱਗੇ।ਖਤਰਨਾਕ ਬਾਇਓ ਵੇਸਟ ਦਾ ਡਿਸਪੋਜ਼ਲ ਕਰਨ ਵਾਲੇ ਇਸਪਲਾਂਟ ਦੇ ਲਾਪਰਵਾਹੀ ਨਾਲ ਚੱਲਣ ਦੀ ਸ਼ਿਕਾਇਤ ਪਹਿਲਾਂ ਵੀ ਹੋਈ ਸੀ, ਪਰ ਜਾਂਚ ਨਹੀਂ ਹੋਈ। ਸਤਨਾ ਦੇ ਐਸ ਡੀ ਐਮ ਰਾਜੇਸ਼ ਸ਼ਾਹੀ ਵੱਲੋਂ ਮੌਕੇ ਉੱਤੇ ਜਾ ਕੇ ਕੀਤੀ ਜਾਂਚ ਵਿੱਚ ਕਾਰਿੰਦਿਆਂ ਨੇ ਮੰਨਿਆ ਕਿ ਫੈਕਟਰੀ ਵਿੱਚ ਪੀ ਪੀ ਈ ਕਿੱਟ ਧੋ ਕੇ ਸਪਲਾਈ ਕੀਤੀ ਜਾਂਦੀ ਸੀ। ਫੈਕਟਰੀ ਮਾਲਕ ਦੇ ਖਿਲਾਫ ਕੇਸ ਦਰਜ ਕਰ ਕੇ ਸਖਤ ਕਾਰਵਾਈ ਕੀਤੀ ਜਾਏਗੀ।

## ਸਿੰਘੂ ਬਾਰਡਰ ਉਪਰ ਕਿਸਾਨਾਂ ਉਤੇ ਹਮਲੇ ਦੀ ਐਸ ਆਈ ਟੀ ਜਾਂਚ ਲਈ ਹਾਈ ਕੋਰਟ ਵਿੱਚ ਅਰਜ਼ੀ

ਨਵੀਂ ਦਿੱਲੀ, 27 ਮਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਵਿੱਚ ਇੱਕ ਅਰਜ਼ੀ ਦਾਇਰ ਕਰਕੇ ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਉੱਤੇ ਹੋਏ ਹਮਲੇ ਦੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਤੋਂ ਆਜ਼ਾਦ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ ਹੈ। ਇਸ ਅਰਜ਼ੀ ਵਿੱਚ ਇਹ ਦੋਸ਼ ਲਾਇਆ ਗਿਆ ਹੈ ਕਿ ਬੀਤੀ 29 ਜਨਵਰੀ ਨੂੰ ਸਿੰਘੂ ਬਾਰਡਰ ਉੱਤੇਧਰਨਾ ਦੇ ਰਹੇ ਕਿਸਾਨਾਂ ਉੱਤੇ ਕੁਝ ਸ਼ਰਾਰਤੀ ਅਨਸਰਾਂ ਨੇ ਉਥੇ ਤਾਇਨਾਤ ਪੁਲਸ ਕਰਮਚਾਰੀਆਂ ਦੀ



ਸਹਾਇਤਾ ਅਤੇ ਸ਼ਹਿ ਨਾਲ ਹਮਲਾ ਕੀਤਾ ਸੀ। ਅਰਜ਼ੀਕਰਤਾ ਨੇ ਕਿਹਾ ਹੈ ਕਿ ਹਮਲੇ ਵਿੱਚ ਬਦਮਾਸ਼ਾਂ ਤੇ ਇਸ ਵਿੱਚ ਸ਼ਾਮਲ ਦਿੱਲੀ ਪੁਲਸ ਦੇ ਅਫਸਰਾਂ ਖ਼ਿਲਾਫ਼ ਅਲੀਪੁਰ ਥਾਣੇ ਵਿੱਚ ਅਪਰਾਧਕ ਸ਼ਿਕਾਇਤ ਦਰਜ ਕਰਵਾਈ ਸੀ, ਪਰ ਬਾਕਾਇਦਾ ਐਫ ਆਈ ਆਰ ਦਰਜ ਨਹੀਂ ਹੋਈ।

ਇਸ ਅਰਜ਼ੀਰਾਹੀਂਦੋਸ਼ੀਆਂ ਖ਼ਿਲਾਫ਼ ਜਾਂਚ ਦੀ ਮੰਗ ਕਰਦਿਆਂ ਸੀ ਬੀ ਆਈ, ਭਾਰਤ ਦੇ ਚੀਫ ਜਸਟਿਸ, ਕੌਮੀ ਮਹਿਲਾ ਕਮਿਸ਼ਨ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਅਰਜ਼ੀ ਭੇਜੀ ਗਈ, ਪਰ ਕੁਝ ਨਹੀਂ ਹੋਇਆ। ਅਰਜ਼ੀ ਵਿੱਚ ਇਸ ਘਟਨਾ ਦੀ ਵੀਡੀਓ ਫੁਟੇਜ ਸੰਭਾਲਣ ਦੀ ਮੰਗ ਵੀ ਕੀਤੀ ਗਈ ਹੈ।

## ਹਿੰਦੂ ਬਣੀ ਮੁਸਲਿਮ ਲੜਕੀ ਨੂੰ ਕੋਰਟ ਵੱਲੋਂ ਸੁਰੱਖਿਆ ਦੇਣ ਦਾ ਹੁਕਮ

ਪ੍ਰਯਾਗਰਾਜ, 27 ਮਈ (ਪੋਸਟ ਬਿਊਰੋ)- ਇਲਾਹਾਬਾਦ ਹਾਈ ਕੋਰਟ ਨੇ ਮੇਰਠ ਦੇ ਐਸ ਐਸ ਪੀ ਨੂੰ ਮੁਸਲਿਮ ਤੋਂ ਹਿੰਦੂ ਬਣ ਕੇ ਵਿਆਹ ਕਰਨ ਵਾਲੀ ਯਤੀ ਉਰਫ ਕਹਿਕਸ਼ਾ ਦੀ ਸੁੱਰਖਿਆ ਕਰਨ ਅਤੇ ਸਥਾਨਕ ਪੁਲਸ ਨੂੰ ਉਸ ਦੇ ਵਿਆਹੁਤਾ ਜੀਵਨ ਵਿੱਚ ਕੋਈ ਦਾ ਦਖਲ ਨਾ ਦੇਣ ਦਾ ਨਿਰਦੇਸ਼ ਦਿੱਤਾ ਹੈ।

ਕੋਰਟ ਨੇ ਇਹ ਯਕੀਨੀ ਕਰਨ ਨੂੰ ਕਿਹਾ ਹੈ ਕਿ ਪਟੀਸ਼ਨਰ ਦਾ ਪਿਤਾ ਜਾਂ ਪਰਵਾਰ ਵਾਲੇ, ਉਨ੍ਹਾਂ ਦੇ ਮਿੱਤਰ ਕੋਈ ਵੀ ਇਲੈਕਟ੍ਰਾਨਿਕ ਮੀਡੀਆ ਜਾਂ ਸਰੀਰਕ ਰੂਪ ਤੋਂ ਨੁਕਸਾਨ ਨਾ ਪਹੁੰਚਾ ਸਕਣ। ਅਗਲੀ ਸੁਣਵਾਈ 23 ਜੂਨ ਨੂੰ ਹੋਵੇਗੀ। ਲੜਕੀ ਦਾ ਕਹਿਣਾ ਹੈ ਕਿ ਉਹ ਜਨਮ ਤੋਂ ਮੁਸਲਿਮ ਹੈ, ਪਰ ਉਸ ਦੀ ਆਸਥਾ ਹਿੰਦੂ ਧਰਮ ਵਿੱਚ ਹੈ। ਇਸੇ ਕਾਰਨ ਉਸ ਨੇ ਹਿੰਦੂ ਧਰਮ ਅਪਣਾ ਲਿਆ ਹੈ। ਇਸ ਦੀ ਸੂਚਨਾ ਜ਼ਿਲਾ ਅਧਿਕਾਰੀ ਨੂੰ ਦਿੱਤੀ ਤੇ ਅਖਬਾਰ ਵਿੱਚ ਨੋਟਿਸ ਛਪਵਾਇਆ ਹੈ। ਲੜਕੀ ਅਡਲਟ ਹੈ, ਉਸ ਨੇ ਆਪਣੀ ਮਰਜ਼ੀ ਨਾਲ 16 ਅਪਰੈਲ 2021 ਨੂੰ ਹਿੰਦੂ ਰੀਤੀ ਨਾਲ ਵਿਆਹ ਕੀਤਾ ਹੈ। ਉਹ ਆਪਣੇ ਪਤੀ ਨਾਲ ਰਹਿ ਰਹੀ ਹੈ, ਪਰ ਪਿਤਾ ਅਤੇ ਪਰਵਾਰ ਵਾਲੇ ਨਾਰਾਜ਼ ਹਨ।ਉਹ ਜਾਨ ਤੋਂ ਮਾਰਨ ਦੀ ਧਮਕੀ ਦੇ ਰਹੇ ਹਨ। ਉਸ ਨੇ ਪੁਲਸ ਤੋਂ ਸੁਰੱਖਿਆ ਮੰਗੀ ਹੈ, ਪ੍ਰੰਤੂ ਸੁਰੱਖਿਆ ਨਹੀਂ ਮਿਲੀ। ਇਸ ਉੱਤੇ ਕੋਰਟ ਨੇ ਐਸ ਐਸ ਪੀ ਮੇਰਠ ਨੂੰ ਹੁਕਮ ਦਿੱਤਾ ਕਿ ਲੜਕੀ ਨੂੰ ਸੁਰੱਖਿਆ ਦੇਣ ਅਤੇ ਦੇਖਣ ਕਿ ਕੋਈ ਉਸ ਦਾ ਨੁਕਸਾਨ ਨਾ ਕਰ ਸਕੇ।

ਕੇਜਰੀਵਾਲ ਦਾ ਕੇਂਦਰ ਉੱਤੇ ਵਿਅੰਗ:


## ਜੇ ਪਾਕਿ ਨਾਲ ਜੰਗ ਹੋਵੇ ਤਾਂ ਕੀ ਸੂਬੇ ਆਪੋ-ਆਪਣੇ ਟੈਂਕ ਖ਼ਰੀਦ ਕਰਨਗੇ

ਨਵੀਂ ਦਿੱਲੀ, 27 ਮਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਸੰਕਟ ਦੌਰਾਨ ਦਿੱਲੀ ਵਿੱਚ ਡਰਾਈਵ-ਥਰੂ ਟੀਕਾਕਰਨ ਦੀ ਸ਼ੁਰੂਆਤ ਹੋ ਗਈ ਹੈ, ਜਿੱਥੇ ਦਿੱਲੀ ਦੇ ਲੋਕ ਕਾਰ ਵਿੱਚ ਬੈਠ ਕੇ ਟੀਕਾ ਲਵਾ ਸਕਣਗੇ। ਇਸ ਡਰਾਈਵ-ਥਰੂ ਟੀਕਾਕਰਨ ਦੀ ਸ਼ੁਰੂਆਤਕਰਦੇ ਵਕਤ ਕੱਲ੍ਹ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇੱਕ ਪ੍ਰੈਸ ਕਾਨਫ਼ਰੰਸ ਕਰ ਕੇ ਵੈਕਸੀਨ ਬਾਰੇ ਕੇਂਦਰ ਦੀ ਸਰਕਾਰਵਿਰੁੱਧ ਨਿਸ਼ਾਨਾ ਸਾਧਿਆ। ਉਨ੍ਹਾ ਕਿਹਾ ਕਿ ਮਾਰਚ ਵਿੱਚ ਵੈਕਸੀਨ ਲੱਗ ਜਾਂਦੀ ਤਾਂ ਕੋਰੋਨਾ ਦੀ ਦੂਜੀ ਲਹਿਰ ਨਾ ਆਉਂਦੀ, ਜੋ ਕੰਮ ਕੇਂਦਰ ਸਰਕਾਰ ਦਾ ਹੈ, ਅਸੀਂ ਕਿਵੇਂ ਕਰੀਏ? ਕੇਜਰੀਵਾਲ ਨੇ ਕਿਹਾ ਕਿ ਕੀ ਉਹ ਜੰਗ ਦੇ ਸਮੇਂ ਵੀ ਅਜਿਹਾ ਕਹਿਣਗੇ ਕਿ ਸੂਬੇ ਆਪਣਾ-ਆਪਣਾ ਪ੍ਰਬੰਧ ਦੇਖ ਲਉ? ਜੇ ਕੱਲ੍ਹ ਨੂੰ ਪਾਕਿਸਤਾਨ ਭਾਰਤ ਵਿਰੁੱਧ ਲੜਾਈ ਕਰਦਾ ਹੈ ਤਾਂ ਉਹ ਇਹ ਨਹੀਂ ਕਹਿਣਗੇ ਕਿ ਸਾਰੇ ਸੂਬੇ ਆਪਣਾ-ਆਪਣਾ ਟੈਂਕ ਖਰੀਦ ਲੈਣ। ਜੇ ਦਿੱਲੀ ਦੀ ਸਰਕਾਰ ਹਾਰਦੀ ਹੈ ਤਾਂ ਭਾਰਤ ਹਾਰਦਾ ਹੈ। ਇਹ ਸਮਾਂ ਭਾਰਤ ਦਾ ਇਕੱਠੇ ਕੰਮ ਕਰਨ ਦਾ ਹੈ, ਟੀਮ ਇੰਡੀਆ ਵਜੋਂ ਕੰਮ ਕਰਨ ਦਾ ਹੈ ਅਤੇ ਪ੍ਰਧਾਨ ਮੰਤਰੀ ਨੂੰ ਅਪੀਲ ਹੈ ਕਿ ਸਾਰੇ ਮੁੱਖ ਮੰਤਰੀ ਦੇਸ਼ ਦੇ ਸੈਨਿਕਾਂ ਵਜੋਂ ਕੰਮ ਕਰ ਰਹੇ ਹਨ, ਪਰ ਅਸੀਂ ਕੇਂਦਰ ਸਰਕਾਰ ਦਾ ਕੰਮ ਖੁਦ ਕਿਵੇਂ ਕਰੀਏ।

ਕੇਜਰੀਵਾਲ ਨੇ ਕਿਹਾ ਕਿ ਇਸ ਸਮੇਂ ਦੇਸ਼ ਕੋਰੋਨਾ ਮਹਾਂਮਾਰੀ ਵਿਰੁੱਧਲੜ ਰਿਹਾ ਹੈ, ਕੱਲ੍ਹ ਨੂੰ ਪਾਕਿਸਤਾਨ ਭਾਰਤ ਨਾਲ ਲੜਨ ਆਉਂਦਾ ਹੈ ਤਾਂ ਇਹ ਨਹੀਂ ਕਿਹਾ ਜਾ ਸਕਦਾ ਕਿ ਸਾਰੇ ਰਾਜਾਂ ਨੂੰ ਆਪਣਾ ਆਪ ਵੇਖਣਾ ਚਾਹੀਦਾ ਹੈ। ਉਤਰ ਪ੍ਰਦੇਸ਼ ਵਾਲੇ ਆਪਣਾ ਟੈਂਕ ਖ਼ਰੀਦੋ ਅਤੇ ਦਿੱਲੀ ਵਾਲੇ ਆਪਣੇ ਹਥਿਆਰ ਖ਼ਰੀਦ ਲੈਣ। ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਅਜੇ ਵੀ ਅਸੀਂ ਟੀਕੇ ਉੱਤੇ ਗੰਭੀਰਤਾ ਨਾਲ ਕੰਮ ਨਹੀਂ ਕਰ ਰਹੇ। ਸਾਰੇ ਰਾਜਾਂ ਨੂੰ ਆਪੋ ਆਪਣੇ ਪ੍ਰਬੰਧ ਕਰਨ ਲਈ ਕਿਹਾ ਗਿਆ ਸੀ। ਟੀਕੇ ਬਾਰੇ ਮੈਂ ਬਹੁਤ ਸਾਰੇ ਰਾਜਾਂ ਦੇ ਮੁੱਖ ਮੰਤਰੀਆਂ ਦੇ ਸੰਪਰਕ ਵਿੱਚ ਹਾਂ, ਕੋਈ ਰਾਜ ਇੱਕ ਵੀ ਟੀਕਾ ਨਹੀਂ ਲੈ ਸਕਿਆ। ਟੀਕਾ ਕੰਪਨੀਆਂ ਨੇ ਕੇਂਦਰ ਸਰਕਾਰ ਨਾਲ ਗੱਲਬਾਤ ਦਾ ਹਵਾਲਾ ਦਿੱਤਾ ਹੈ। ਜੇ ਸਾਰੇ ਟੈਂਡਰ ਰੱਦ ਹੋ ਗਏ ਹਨ, ਤਾਂ ਦੇਸ਼ ਟੀਕਾ ਕਿਉਂ ਨਹੀਂ ਖ਼ਰੀਦ ਰਿਹਾ? ਇਸ ਨਾਲ ਲੋਕਾਂ ਨੂੰ ਮੁਸ਼ਕਲ ਆ ਰਹੀ ਹੈ।

## ਓਲੰਪਿਕ ਰੱਦ ਹੋਏ ਤਾਂ ਜਾਪਾਨ ਨੂੰ 17 ਬਿਲੀਅਨ ਅਮਰੀਕੀ ਡਾਲਰ ਦਾ ਨੁਕਸਾਨ ਹੋਵੇਗਾ

ਨਵੀਂ ਦਿੱਲੀ, 27 ਮਈ (ਪੋਸਟ ਬਿਊਰੋ)- ਜਾਪਾਨ ਵਿੱਚ 23 ਜੁਲਾਈ ਤੋਂ ਹੋ ਰਹੇ ਟੋਕੀਓ ਓਲੰਪਿਕ ਨੂੰ ਅਜੇ ਵੀ ਟਾਲਣ ਦੀ ਮੁਹਿੰਮ ਜਾਰੀ ਹੈ। ਇਸ ਦੌਰਾਨ ਇੱਕ ਰਿਸਰਚ ਇੰਸਟੀਚਿਊਟ ਨੇ ਅਨੁਮਾਨ ਲਾਇਆ ਹੈ ਕਿ ਜੇ ਟੋਕੀਓ ਓਲੰਪਿਕ ਰੱਦ ਹੁੰਦੇ ਹਨ ਤਾਂ ਇਸ ਦੇਸ਼ ਨੂੰ ਕਿੰਨਾ ਨੁਕਸਾਨ ਹੋਵੇਗਾ।



ਨੋਮੁਰਾ ਰਿਸਰਚ ਇੰਸਚੀਟਿਊਟ ਦਾ ਕਹਿਣਾ ਹੈ ਕਿ ਓਲੰਪਿਕ ਅਤੇ ਪੈਰਾ-ਓਲੰਪਿਕ ਰੱਦ ਹੁੰਦੇ ਹਨ ਤਾਂ ਜਾਪਾਨ ਨੂੰ ਕਰੀਬ 17 ਬਿਲੀਅਨ ਅਮਰੀਕੀ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਇਸ ਬਾਰੇ ਇੱਕ ਰਿਪੋਰਟ ਛਪੀ ਹੈ, ਜਿਸ ਮੁਤਾ-ਬਕਜੇ ਓਲੰਪਿਕ ਰੱਦ ਹੋਏ ਤਾਂ ਜਾਪਾਨ ਦੀ ਅਰਥਵਿਵਸਥਾ ਨੂੰ ਭਾਰੀ ਨੁਕਸਾਨ ਹੋਵੇਗਾ। ਇਸ ਤੋਂ ਪਹਿਲਾਂ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਮੁਖੀ ਥਾਮਸ ਬਾਕ ਨੇ ਕਿਹਾ ਸੀ ਕਿ ਉਹ ਓਲੰਪਿਕ ਵਿੱਚ ਮੈਡੀਕਲ ਸਟਾਫ ਨੂੰ ਭੇਜਣਗੇ।

ਇਸ ਦੌਰਾਨ ਭਾਰਤੀ ਓਲੰਪਿਕ ਐਸੋਸੀਏਸ਼ਨ ਨੇ ਰਾਸ਼ਟਰੀ ਫੈਡਰੇਸ਼ਨਾਂ ਤੋਂ ਟੀਕਾਕਰਨ ਕਰਵਾਉਣ ਵਾਲੇ ਸਾਰੇ ਖਿਡਾਰੀਆਂ ਅਤੇ ਅਧਿਕਾਰੀਆਂ ਦੀ ਜਾਣਕਾਰੀ ਮੰਗੀ ਹੈ।

ਜਾਪਾਨ ਦੇ ਪ੍ਰਮੁੱਖ ਅਖਬਾਰ ਨੇ ਕੱਲ੍ਹ ਟੋਕੀਓ ਓਲੰਪਿਕ ਨੂੰ ਰੱਦ ਕਰਨ ਦੀ ਅਪੀਲ ਕੀਤੀ ਜਿਨ੍ਹਾਂ ਦੇ ਸ਼ੁਰੂ ਹੋਣ ਵਿੱਚ ਹੁਣ ਦੋ ਮਹੀਨੇ ਤੋਂ ਘੱਟ ਸਮਾਂ ਹੈ। ਅਸਾਹੀ ਜਾਪਾਨ ਦਾ ਪਹਿਲਾ ਪ੍ਰਮੁੱਖ ਅਖਬਾਰਹੈ, ਜੋ ਓਲੰਪਿਕ ਰੱਦ ਕਰਨ ਦੀ ਖੇਤਰੀ ਅਖਬਾਰਾਂ ਦੀ ਮੁਹਿੰਮ ਵਿੱਚ ਸ਼ਾਮਲ ਹੋਇਆ ਹੈ। ਇਸ ਅਖਬਾਰ ਦਾ ਓਲੰਪਿਕ ਦੇ ਖਿਲਾਫ ਆਵਾਜ਼ ਉਠਾਉਣਾ ਇਸ ਲਈ ਮਹੱਤਵਪੂਰਨ ਹੋ ਸਕਦਾ ਹੈ ਕਿਉਂਕਿ ਉਹ ਜਾਪਾਨ ਦੇ ਕਈ ਅਖਬਾਰਾਂ ਦੀ ਤਰ੍ਹਾਂ ਖੇਡਾਂ ਦਾ ਸਪਾਂਸਰ ਹੈ।




Jas Toor
Sales Repersentative
Sutton Group-Realty Experts Brokerage*
Independently Owned and Operated.
Call Now: (647)-242-8667
Email- RealtorJasToor@gmail.com

Jagdish Grewal
Sales Repersentative
Century 21 President Realty Inc Brokerage*
Independently Owned and Operated.
Call Now: (416)-970-5005
Email- Jagdish@grewalhomes.com



Caledon
Exclusive Gas Station
Located on very busy road
3 way auto garage + convenience store,1 ਏਕੜ ਦੀ commercial lot ਹੋਰ ਵਧੇਰੇ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ.

Caledon
2.5 ਏਕੜ ਵਿੱਚ ਬਣਿਆ 2 storey ਘਰ , 3500 sq ft. , $5500 ਕਿਰਾਏ ਤੇ ਚੜ੍ਹਿਆ ਹੋਇਆ, offered at very reasonable price.

Mayfield & Gore Road
ਦੇ ਨਜ਼ਦੀਕ 9 ਏਕੜ ਦੀ beautiful clean land with beautiful bunglow available for sale. Lots of future potential.

Caledon
Airport road ਤੇ 500 ft ਦੀ frontage ਵਾਲੇ 10 ਏਕੜ ਜ਼ਮੀਨ 3500 sq.ft. bunglow with walkout basement
Motivated Seller.

Caledon
ਵਿੱਚ 5 ਏਕੜ, Main Highway and Main Street ਤੇ corner lot, House and Shop included, Lots of potential
ਸ਼ੋਪ ਅਤੇ ਘਰ ਕਿਰਾਏ ਤੇ ਚੜ੍ਹਿਆ ਹੋਇਆ.

Free Market Evaluation
-Buy
-Sell
-Invest
Call Now:(647) 242-8667
(416) 970-5005

# ਦੁਨੀਆ ਵਿੱਚ ਸਭ ਤੋਂ ਪਹਿਲੀ ਕੋਵਿਡ ਵੈਕਸੀਨ ਲੈਣ ਵਾਲੇ ਵਿਲੀਅਮ ਸ਼ੈਕਸਪੀਅਰ ਦੀ ਮੌਤ

ਲੰਡਨ, 27 ਮਈ (ਪੋਸਟ ਬਿਊਰੋ)- ਸਭ ਤੋਂ ਪਹਿਲਾਂ ਕੋਰੋਨਾ ਵੈਕਸੀਨ ਲਵਾਉਣ ਵਾਲੇ ਵਿਲੀਅਮ ਸ਼ੈਕਸਪੀਅਰ (81) ਦੀ ਮੌਤ ਹੋ ਗਈ ਹੈ। ਵਿਲੀਅਮ ਨੂੰ ਬਿਲ ਸ਼ੈਕਸਪੀਅਰ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਸੀ। ਉਨ੍ਹਾਂ ਨੇ ਸਾਲ 2020 ਵਿੱਚ ਕੋਰੋਨਾ ਟੀਕਾਕਰਨ ਕਰਵਾਉਣ ਵਾਲਾ ਪਹਿਲਾ ਵਿਅਕਤੀ ਬਣ ਕੇ ਇਤਿਹਾਸ ਰਚਿਆ ਸੀ, ਜਿਸ ਦੇ ਬਾਅਦ ਉਨ੍ਹਾਂ ਦੇ ਨਾਂਅ ਦੀ ਖੂਬ ਚਰਚਾ ਵੀ ਹੋਈ ਸੀ। ਉਨ੍ਹਾ ਨੂੰ ਪਿਛਲੇ ਸਾਲ ਅੱਠ ਦਸੰਬਰ ਨੂੰ ਯੂਨੀਵਰਸਿਟੀ ਹਸਪਤਾਲ ਕਾਵੈਂਟਰੀ ਅਤੇ ਵਾਰਿਕਸ਼ਾਇਰ ਵਿੱਚ ਫਾਈਜਰ ਦੀ ਕੋਰੋਨਾ ਵੈਕਸੀਨ ਦੀ ਪਹਿਲੀ ਡੋਜ਼ ਦਿੱਤੀ ਗਈ ਸੀ। ਇਸ ਨਾਲ ਉਹ ਦੁਨੀਆ ਭਰ ਵਿੱਚ ਕੋਰੋਨਾ ਵੈਕਸੀਨ ਦੀ ਡੋਜ਼ ਲਗਵਾਉਣ ਵਾਲੇ ਪਹਿਲੇ ਵਿਅਕਤੀ ਬਣ ਗਏ ਸਨ। ਤਦ ਤੋਂ ਹੀ ਉਨ੍ਹਾਂ ਦਾ ਨਾਂਅ ਮੀਡੀਆ ਵਿੱਚ ਕਾਫੀ ਚਰਚਾ ਵਿੱਚ ਰਿਹਾ ਸੀ।

ਸ਼ੈਕਸਪੀਅਰ ਦੇ ਪਰਿਵਾਰ ਨਾਲ ਜੁੜੇ ਲੋਕਾਂ ਨੇ ਕਿਹਾ ਕਿ ਉਨ੍ਹਾਂ ਦੀ ਮੌਤ ਇੱਕ ਅਸਬੰਧਤ ਬਿਮਾਰੀ ਨਾਲ ਹੋਈ ਹੈ। ਇਸ ਦਾ ਕੋਵਿਡ-19 ਨਾਲ ਕੋਈ ਸਬੰਧ ਨਹੀਂ। ਸ਼ੈਕਸਪੀਅਰ ਦੇ ਮਿੱਤਰ ਅਤੇ ਕਾਵੈਂਟਰੀ ਚਾਂਸਲਰ ਜੇਨੇ ਇਨਸ ਨੇ ਕਿਹਾ ਕਿ ਉਨ੍ਹਾਂ ਦਾ ਦਿਹਾਂਤ ਵੀਹ ਮਈ ਨੂੰ ਹੋਇਆ ਸੀ। ਉਨ੍ਹਾ ਨੂੰ ਸ਼ਰਧਾਂਜਲੀ ਦੇਣ ਦਾ ਸਭ ਤੋਂ ਵਧੀਆ ਤਰੀਕਾ ਵੈਕਸੀਨ ਲਵਾਉਣਾ ਹੈ। ਰਿਪੋਰਟ ਅਨੁਸਾਰ ਬਿਲ ਜਾਂ ਵਿਲੀਅਮ ਸ਼ੈਕਸਪੀਅਰ ਦੀ ਮੌਤ ਵੈਕਸੀਨ ਲਵਾਉਣ ਵਾਲੇ ਹਸਪਤਾਲ ਵਿੱਚ ਹੀ ਲੰਬੀ ਬਿਮਾਰੀ ਦੇ ਬਾਅਦ ਹੋ ਗਈ, ਪਰ ਇਸ ਦਾ ਸਬੰਧ ਕੋਰੋਨਾ ਵਾਇਰਸ ਨਾਲ ਨਹੀਂ ਸੀ।

# ਗੁਪਤਾ ਭਰਾਵਾਂ ਦੀਆਂ ਅਫ਼ਰੀਕੀ ਕੰਪਨੀਆਂ ਨੂੰ ਸਰਕਾਰੀ ਨਿਗਮਾਂ ਕੋਲੋਂ 49 ਅਰਬ ਰੈਂਡ ਗ਼ੈਰ-ਕਾਨੂੰਨੀ ਮਿਲੇ

ਜੋਹਨਸਬਰਗ, 27 ਮਈ (ਪੋਸਟ ਬਿਊਰੋ)- ਭਾਰਤੀ ਮੂਲ ਦੇ ਗੁਪਤਾ ਭਰਾਵਾਂ ਦੀਆਂ ਕੰਪਨੀਆਂ ਨੂੰ ਦੱਖਣੀ ਅਫਰੀਕਾ ਵਿੱਚ ਕਈ ਸਰਕਾਰੀ ਨਿਗਮਾਂ ਤੋਂ ਗ਼ੈਰ-ਕਾਨੂੰਨੀ ਤਰੀਕੇ ਨਾਲ 49 ਅਰਬ ਰੈਂਡ ਤੋਂ ਵੱਧ ਰਾਸ਼ੀ ਮਿਲੀ ਹੈ। ਸਟੇਟ ਕੈਪਚਰ ਵਿੱਚ ਜਾਂਚ ਕਮਿਸ਼ਨ ਸਾਹਮਣੇ ਇੱਕ ਗਵਾਹ ਨੇ ਇਹ ਦਾਅਵਾ ਕੀਤਾ ਹੈ।



ਵਰਨਣ ਯੋਗ ਹੈ ਕਿ ਭਾਰਤੀ ਮੂਲ ਦੇ ਕਾਰੋਬਾਰੀ ਅਜੇ, ਅਤੁਲ ਅਤੇ ਰਾਜੇਸ਼ ਗੁਪਤਾ ਉੱਤੇ ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਜੈਕਬ ਜ਼ੂਮਾ ਨਾਲ ਨੇੜ ਦਾ ਲਾਭ ਉਠਾ ਕੇ ਸਰਕਾਰੀ ਨਿਗਮਾਂ ਤੋਂ ਬੇਈਮਾਨੀ ਨਾਲ ਅਰਬਾਂ ਰੈਂਡ ਲੈਣ ਦਾ ਦੋਸ਼ ਹੈ।

ਮੂਲ ਰੂਪ 'ਚ ਉਤਰ ਪ੍ਰਦੇਸ਼ ਦੇ ਸਹਾਰਨਪੁਰ ਦੇ ਗੁਪਤਾ ਪਰਵਾਰ ਕੋਲ ਦੱਖਣੀ ਅਫਰੀਕੀ ਵਿੱਚ ਕਈਕੰਪਨੀਆਂ ਦਾ ਕੰਟਰੋਲ ਹੈ, ਪਰ ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ। ਲੰਡਨ ਵਿੱਚ 'ਸ਼ੈਡੋ ਵਰਲਡ ਇਨਵੈਸਟੀਗੇਸ਼ਨ' ਦੇ ਖੋਜ ਕਰਤਾ ਪਾਲ ਐਡਵਰਡ ਹੋਲਡਰ ਨੇ ਰਿਪੋਰਟ ਵਿੱਚ ਦਰਜ ਹਵਾਲਾ ਰਾਸ਼ੀ ਲਈ ਵਰਤੀਆਂ ਕੰਪਨੀਆਂ ਤੇ ਪੈਸੇ ਦੇ ਸਰੋਤਾਂ ਦਾ ਪਤਾ ਲਾਉਣ ਲਈ ਹਜ਼ਾਰਾਂ ਵਿੱਤੀ ਲੈਣ ਦੇਣ ਤੇ ਬੈਂਕ ਵੇਰਵਿਆਂ ਦੀ ਘੋਖ ਕੀਤੀ ਹੈ। ਰਿਪੋਰਟ ਅਨੁਸਾਰ ਗ਼ੈਰ-ਕਾਨੂੰਨੀ ਭੁਗਤਾਨ ਕਰਨ ਵਾਲੀਆਂ ਸਰਕਾਰੀ ਕੰਪਨੀਆਂ ਵਿੱਚ 'ਨਿਓਟੇਲ' ਸ਼ਾਮਲ ਹੈ, ਜਿਸ ਵਿੱਚ 2016 ਤੱਕ ਟਾਟਾ ਕਮਿਊਨੀਕੇਸ਼ਨਜ਼ ਦਾ ਬਹੁ-ਗਿਣਤੀ ਹਿੱਸਾ ਸੀ। ਰਿਪੋਰਟਦੇ ਮੁਤਾਬਕ ਨਿਓਟੇਲ ਨੂੰ ਨੈਸ਼ਨਲ ਰੇਲ ਨੈਟਵਰਕ ਆਪ੍ਰੇਟਰ ਟ੍ਰਾਂਸਨੇਟ ਤੋਂ ਨੈਟਵਰਕ ਸੇਵਾਵਾਂ ਅਤੇ ਸੀ ਸੀ ਟੀ ਵੀ ਲਾਉਣ ਲਈ 5.6 ਅਰਬ ਡਾਲਰ ਤੋਂ ਵਧ ਰੈਂਡ ਮਿਲੇ। ਟ੍ਰਾਂਸਨੇਟ ਨੇ ਰੈਜੀਮੈਂਟਸ ਕੈਪੀਟਲ ਨੂੰ ਕਰੀਬ 42 ਅਰਬ ਰੈਂਡ ਦਾ ਭੁਗਤਾਨ ਕੀਤਾ, ਜੋ ਗੁਪਤਾ ਦੇ ਸਹਿਯੋਗੀ ਸਲੀਮ ਈਸਾ ਦੁਆਰਾ ਚਲਾਈ ਜਾਂਦੀ ਕੰਪਨੀ ਹੈ। ਟ੍ਰਿਲੀਅਨ ਕੰਪਨੀ ਨੂੰ 1 ਅਰਬ ਰੈਂਡ ਦਿੱਤੇ ਗਏ, ਜਿਸ ਵਿੱਚ ਈਸਾ ਦੀ ਵੀ ਹਿੱਸੇਦਾਰੀ ਸੀ। ਜਨਵਰੀ 2013 ਅਤੇ ਜਨਵਰੀ 2016 ਦੌਰਾਨ ਕੰਬਾਈਂਡ ਪ੍ਰਾਈਵੇਟ ਇਨਵੈਸਟੀਗੇਸ਼ਨ ਗੁਪਤਾ ਇੰਟਰਪ੍ਰਾਈਜ਼ ਨੂੰ ਹਰ ਮਹੀਨੇ ਭੁਗਤਾਨ ਕਰ ਰਹੀ ਸੀ ਤੇ ਇਹ ਰਾਸ਼ੀ ਪੰਜ ਲੱਖ ਰੈਂਡ ਤੋਂ ਸ਼ੁਰੂ ਹੋ ਕੇ ਇੱਕ ਅਰਬ ਰੈਂਡ ਤੱਕ ਜਾ ਪੁੱਜੀ। ਅਜਿਹੇ ਹੀ ਗ਼ੈਰ-ਕਾਨੂੰਨੀ ਭੁਗਤਾਨ ਸਰਕਾਰੀ ਬਿਜਲੀ ਸਪਲਾਈ ਈਸਕਾਮ ਸਮੇਤ ਕਈ ਸਰਕਾਰੀ ਨਿਗਮਾਂ ਨੇ ਕੀਤੇ।

ਗੁਪਤਾ ਪਰਵਾਰ ਇਸ ਸਮੇਂ ਦੁਬਈ ਵਿੱਚ ਹੈ ਤੇ ਦੱਖਣੀ ਅਫਰੀਕੀ ਸਰਕਾਰੀ ਏਜੰਸੀ ਨੇ ਯੂ ਐੱਨ ਓ ਰਾਹੀਂ ਇਨ੍ਹਾਂ ਦੀ ਹਵਾਲਗੀ ਦੇ ਯਤਨ ਜਾਰੀ ਰੱਖੇ ਹੋਏ ਹਨ, ਕਿਉਂਕਿ ਦੁਬਈ ਨਾਲ ਉਸ ਦੀ ਕੋਈ ਹਵਾਲਗੀ ਸੰਧੀ ਨਹੀਂ ਹੈ।

# ਜਹਾਜ਼ ਹਾਈਜੈਕ ਕਰ ਕੇ ਪੱਤਰਕਾਰ ਗ੍ਰਿਫਤਾਰ ਕਰਨ ਵਾਲੇ ਬੈਲਾਰੂਸ ਦੇ ਰਾਸ਼ਟਰਪਤੀ ਦਾ ਬਾਈਕਾਟ ਸ਼ੁਰੂ

ਬੇਲਾਰੂਸ, 27 ਮਈ (ਪੋਸਟ ਬਿਊਰੋ)- ਬੇਲਾਰੂਸ ਵਿੱਚ ਸਰਕਾਰ ਦੀ ਨਿੰਦਾ ਕਰਨ ਵਾਲੇ ਪੱਤਰਕਾਰ ਰੋਮਨ ਪ੍ਰੋਤਸਾਵਿਚ ਨੂੰ ਗ੍ਰਿਫਤਾਰ ਕਰਨ ਲਈ ਜਹਾਜ਼ ਨੂੰ ਜਬਰੀ ਲੈਂਡਿੰਗ ਦੇ ਕੇਸ ਨੇ ਸਾਰੇ ਦੇਸ਼ਾਂ ਨੂੰ ਨਾਰਾਜ਼ ਕਰ ਦਿੱਤਾ ਹੈ। ਇਸ ਲਈ ਕਈ ਦੇਸ਼ਾਂ ਨੇ ਬੇਲਾਰੂਸ ਵਾਲੀਆਂ ਸਭ ਉਡਾਣਾਂ ਉੱਤੇ ਪਾਬੰਦੀ ਲਾ ਦਿੱਤੀ ਹੈ। ਯੂਰਪ ਦੇ 27 ਦੇਸ਼ਾਂ ਨੇ ਇਕੱਠੇ ਪਾਬੰਦੀ ਲਾਉਣ ਦਾ ਫੈਸਲਾ ਕੀਤਾ ਹੈ। ਬੇਲਾਰੂਸ ਉੱਤੇ ਲਾਈਆਂ ਪਾਬੰਦੀਆਂ ਦਾ ਅਮਰੀਕਾ ਨੇ ਵੀ ਸਵਾਗਤ ਕੀਤਾ ਹੈ।

ਬ੍ਰੱਸਲਸ ਵਿੱਚ ਹੋਈ ਯੂਰਪੀ ਯੂਨੀਅਨ (ਈ ਯੂ) ਦੀ ਬੈਠਕ ਵਿੱਚ ਇਹ ਫੈਸਲਾ ਲਿਆ ਗਿਆ। ਈ ਯੂ ਦੇ ਨੇਤਾਵਾਂ ਨੇ ਯੂਰਪੀ ਦੇਸ਼ਾਂ ਦੀਆਂ ਸਾਰੀਆਂ ਏਅਰਲਾਈਨਜ਼ ਨੂੰ ਬੇਲਾਰੂਸ ਦੀਆਂ ਉਡਾਣਾਂ ਰੱਦ ਕਰਨ ਲਈ ਕਿਹਾ ਅਤੇ ਬੇਲਾਰੂਸ ਦੀਆਂ ਸਾਰੀਆਂ ਏਅਰਲਾਈਨਜ਼ ਦੀਆਂ ਉਡਾਣਾਂ ਨੂੰ ਆਪਣੇ ਦੇਸ਼ ਵਿੱਚ ਆਉਣ ਤੋਂ ਰੋਕ ਦਿੱਤਾ ਹੈ। ਇਨ੍ਹਾਂ ਵਿੱਚ ਏਅਰ ਫਰਾਂਸ, ਕੇ ਐਲ ਐਮ, ਫਿਨਏਅਰ, ਲੁਫਥਾਂਸਾ ਅਤੇ ਆਸਟਰੀਅਨ ਏਅਰਲਾਈਨਾਂ ਸ਼ਾਮਲ ਹਨ। ਇਸ ਦੇ ਨਾਲ ਬੇਲਾਰੂਸ ਪੂਰੀ ਤਰ੍ਹਾਂ ਅਲੱਗ-ਥਲੱਗ ਪੈ ਗਿਆ ਹੈ।ਬੇਲਾਰੂਸ ਦੇ ਰਾਸ਼ਟਰਪਤੀ ਅਲੈਗਜੈਂਡਰ ਲੁਕਾਸ਼ੇਂਕੋ ਪਹਿਲਾਂ ਹੀ ਪੱਛਮੀ ਦੇਸ਼ਾਂ ਦੀਆਂ ਕਠੋਰ ਪਾਬੰਦੀਆਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਉੱਤੇ ਪਿਛਲੇ ਸਾਲ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਨੂੰ ਜ਼ੋਰ ਨਾਲ ਕੁਚਲਣ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾਲਈ ਪਾਬੰਦੀ ਲਾਈ ਗਈ ਸੀ। ਇਸ ਨਾਲ ਉਨ੍ਹਾਂ ਉੱਤੇ ਦਬਾਅ ਦੇ ਕੋਈ ਸੰਕੇਤ ਨਹੀਂ ਮਿਲੇ, ਕਿਉਂਕਿ ਉਨ੍ਹਾਂ ਨੂੰ ਵਿਸ਼ੇਸ਼ ਰੂਪ 'ਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਮਜ਼ਬੂਤ ਸਮਰਥਨ ਹਾਸਲ ਹੈ।ਬੇਲਾਰੂਸ ਨੇ ਰੋਮਨ ਨੂੰ ਫੜਨ ਲਈ ਅੱਤਵਾਦੀਆਂ ਵਾਂਗ ਫਲਾਈਟ ਨੂੰ ਉਡਾਉਣ ਦੀ ਧਮਕੀ ਦੇ ਕੇ ਮਿੰਸਕ ਏਅਰਪੋਰਟ ਉੱਤੇਲਾਹ ਲਿਆ ਸੀ। ਪ੍ਰੋਤਸਾਵਿਚ ਨਾਲ ਯਾਤਰਾ ਕਰਨ ਵਾਲੇ ਮਾਰਿਅਸ ਰੁਤਕਾਸਕਾਸ ਨੇ ਦੱਸਿਆ, 'ਜਦ ਪਾਇਲਟ ਨੇ ਦੱਸਿਆ ਕਿ ਜਹਾਜ਼ ਮਿੰਸਕ ਵਿੱਚ ਉਤਾਰਿਆ ਜਾਏਗਾ, ਤਾਂ ਰੋਮਨ ਘਬਰਾ ਗਿਆ ਸੀ।


ਬੇਲਾਰੂਸ ਦੇ ਰਾਸ਼ਟਰਪਤੀ ਅਲੈਗਜੈਂਡਰ ਲੁਕਾਸ਼ੇਂਕੋ

# ਪਾਕਿ ਆਪਣੀ ਜ਼ਮੀਨ ਉੱਤੇ ਅਮਰੀਕੀ ਅੱਡਾ ਬਣਾਉਣ ਦੀ ਖੁੱਲ੍ਹ ਨਹੀਂ ਦੇਵੇਗਾ: ਕੁਰੈਸ਼ੀ



ਇਸਲਾਮਾਬਾਦ, 27 ਮਈ (ਪੋਸਟ ਬਿਊਰੋ)- ਤਾਲਿਬਾਨ ਨੇ ਅਫਗਾਨਿਸਤਾਨ ਤੋਂ ਮੁੜ ਰਹੀ ਅਮਰੀਕੀ ਫੌਜ ਨੂੰ ਖੇਤਰ ਵਿੱਚ ਫ਼ੌਜੀ ਅੱਡਾ ਬਣਾਉਣ ਦੇ ਖ਼ਿਲਾਫ਼ ਚੇਤਾਵਨੀ ਦਿਤੀ ਹੈ ਅਤੇ ਪਾਕਿਸਤਾਨ ਨੇ ਆਪਣੀ ਸਰਜ਼ਮੀਨ ਉੱਤੇ ਅਮਰੀਕਾ ਨੂੰ ਅੱਡਾ ਬਣਾਉਣ ਦੀ ਇਜਾਜ਼ਤ ਨਾ ਦੇਣ ਦਾ ਸੰਕਲਪ ਲਿਆ ਹੈ। ਪਾਕਿਸਤਾਨ ਨੇ ਇਹ ਵੀ ਕਿਹਾ ਕਿ ਪਾਕਿਸਤਾਨੀ ਖੇਤਰ ਤੋਂ ਡ੍ਰੋਨ ਨਾਲ ਹਮਲੇ ਕਰਨ ਦੀ ਵੀ ਕੋਈ ਗੁੰਜਾਇਸ਼ ਨਹੀਂ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਇਸ ਵੇਲੇ ਅਫਗਾਨਿਸਤਾਨ ਤੋਂ ਆਪਣੇ ਬਚੇ ਹੋਏ 2500-3500 ਸੈਨਿਕਾਂ ਨੂੰ ਵਾਪਸ ਬੁਲਾ ਰਿਹਾ ਹੈ। ਏਦਾਂ ਦੀ ਅਟਕਲਾਂ ਹਨ ਕਿ ਅਮਰੀਕਾ ਆਸ-ਪਾਸ ਇੱਕ ਅੱਡਾ ਚਾਹੁੰਦਾ ਹੈ ਜਿੱਥੋਂ ਅੱਤਵਾਦੀਆਂ ਦੇ ਟਿਕਾਣਿਆਂ ਉੱਤੇ ਹਮਲਾ ਕਰ ਸਕੇ। ਇਸ ਪਿੱਛੋਂ ਤਾਲਿਬਾਨ ਦਾ ਬਿਆਨ ਆਇਆ ਹੈ। ਸਰਕਾਰ ਅਤੇ ਤਾਲਿਬਾਨ ਦੇ ਵਿੱਚ ਰੁਕੀ ਹੋਈ ਸ਼ਾਂਤੀ ਵਾਰਤਾ ਸ਼ੁਰੂ ਕਰਾਉਣ ਦੀਆਂ ਕੋਸ਼ਿਸ਼ਾਂ ਵੀ ਹੋ ਰਹੀਆਂ ਹਨ, ਜੋ ਸ਼ਾਇਦ ਤੁਰਕੀ ਵਿੱਚ ਹੋਏਗੀ। ਪਾਕਿਸਤਾਨ ਅਤੇ ਅਰਬ ਦੇਸ਼ ਕਤਰ, ਤਾਲਿਬਾਨ ਉੱਤੇ ਤੁਰਕੀ ਵਿੱਚ ਗੱਲਬਾਤ ਵਿੱਚ ਸ਼ਾਮਲ ਹੋਣ ਲਈ ਦਬਾਅ ਪਾ ਰਹੇ ਹਨ। ਯੂ ਐੱਨ ਵੱਲੋਂ ਸ਼ੁਰੂ ਕਰਵਾਈਆਂ ਵਾਰਤਾਵਾਂ ਪਿਛਲੇ ਮਹੀਨੇ ਤੁਰਕੀ ਵਿੱਚ ਹੋਣੀਆਂ ਸਨ, ਪਰ ਤਾਲਿਬਾਨ ਨੇ ਇਸ ਵਿੱਚ ਹਿੱਸਾ ਲੈਣ ਤੋਂ ਮਨ੍ਹਾ ਕਰ ਦਿੱਤਾ ਸੀ। ਇਸ ਦੌਰਾਨ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਪਾਕਿਸਤਾਨੀ ਸੈਨੇਟ ਵਿੱਚ ਕਿਹਾ ਕਿ ਉਨ੍ਹਾਂ ਦਾ ਮੁਲਕ ਆਪਣੀ ਧਰਤੀ ਉੱਤੇ ਅਮਰੀਕਾ ਦੇ ਅੱਡੇ ਨਹੀਂ ਬਣਨ ਦੇਵੇਗਾ।

# ਜਾਰਜ ਫਲਾਇਡ ਦਾ ਪਰਿਵਾਰ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਨੂੰ ਮਿਲਿਆ



ਸੈਕਰਾਮੈਂਟੋ, 27 ਮਈ (ਪੋਸਟ ਬਿਊਰੋ)- ਮਿਨੀਆਪੋਲਿਸ ਪੁਲਸ ਹੱਥੋਂ ਮਾਰੇ ਗਏ ਗੈਰ-ਗੋਰੇ ਜਾਰਜ ਫਲਾਇਡ ਦੀ ਮੌਤ ਨੂੰ ਇੱਕ ਵਰ੍ਹਾ ਪੂਰਾ ਹੋਣ ਉੱਤੇ ਉਸ ਦਾ ਪਰਵਾਰ ਰਾਸ਼ਟਰਪਤੀ ਜੋਅ ਬਾਈਡਨ, ਉਪ ਰਾਸ਼ਟਰਪਤੀ ਕਮਲਾ ਹੈਰਿਸ ਤੇ ਹੋਰ ਕਾਂਗਰਸ ਆਗੂਆਂ ਨੂੰ ਮਿਲਿਆ, ਜਿਸ ਦੌਰਾਨ ਪਰਵਾਰ ਨੇ ਪੁਲਸ ਸੁਧਾਰਾਂ ਬਾਰੇ ਬਿੱਲ ਪਾਸ ਕਰਨ ਲਈ ਲਹਿਰ ਚਲਾਉਣ ਦਾ ਸੱਦਾ ਦਿੱਤਾ ਹੈ। ਪਰਵਾਰ ਨੇ ਕਿਹਾ ਕਿ ਲਾਅ ਇਨਫੋਰਸਮੈਂਟ ਅਧਿਕਾਰੀਆਂ ਨੂੰ ਕਾਨੂੰਨ ਦੁਆਰਾ ਵਧੇਰੇ ਜ਼ਿੰਮੇਵਾਰ ਤੇ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ।

ਕੱਲ੍ਹ ਬਾਅਦ ਦੁਪਹਿਰ ਫਲਾਇਡ ਦਾ ਪਰਵਾਰ ਬਾਈਡਨ ਤੇ ਹੈਰਿਸ ਨਾਲ ਇੱਕ ਘੰਟੇ ਦੇ ਕਰੀਬ ਰਿਹਾ। ਪਰਵਾਰ ਵਿੱਚ ਫਲਾਈਡ ਦੀ ਸੱਤ ਸਾਲਾਂ ਧੀ ਗਿਆਨਾ, ਉਸ ਦੀ ਪਤਨੀ ਰੌਸਨੀ ਵਾਸ਼ਿੰਗਟਨ, ਫਲਾਇਡ ਦੀ ਭੈਣ ਬ੍ਰਿਜੈਟ ਅਤੇ ਫਲਾਈਡ ਦੇ ਤਿੰਨ ਭਰਾ ਤੇ ਭਤੀਜਾ ਸ਼ਾਮਲ ਸੀ। ਮੀਟਿੰਗ ਪਿੱਛੋਂ ਫਿਲੋਨਾਇਸ ਫਲਾਇਡ ਨੇ ਕਿਹਾ ਕਿ ਜੇ ਤੁਸੀਂ ਗਿਰਝ ਦੇ ਬਚਾਅ ਲਈ ਕਾਨੂੰਨ ਬਣਾ ਸਕਦੇ ਹੋ ਤਾਂ ਗੈਰ-ਗੋਰੇ ਲੋਕਾਂ ਦੇ ਬਚਾਅ ਲਈ ਵੀ ਫੈਡਰਲ ਕਾਨੂੰਨ ਬਣਾ ਸਕਦੇ ਹੋ। ਉਨ੍ਹਾਂ ਨੇ ਕਾਂਗਰਸ ਨੂੰ ਪੁਲਸ ਸੁਧਾਰਾਂ ਬਾਰੇ ਕਾਨੂੰਨ ਪਾਸ ਕਰਨ ਲਈ ਕਿਹਾ। ਇਸ ਪਿੱਛੋਂ ਬਾਈਡਨ ਨੇ ਬਿਆਨ ਵਿੱਚ ਕਿਹਾ ਕਿ ਫਲਾਇਡ ਦੇ ਪਰਵਾਰ ਨੇ ਲਾਮਿਸਾਲ ਹੌਂਸਲਾ ਵਿਖਾਇਆ ਹੈ, ਵਿਸ਼ੇਸ਼ ਤੌਰ ਉੱਤੇ ਉਸ ਦੀ ਨੰਨ੍ਹੀ ਬੱਚੀ ਗਿਆਨਾ ਨੇ ਜਿਸ ਨੂੰ ਮੈਂ ਕੱਲ੍ਹ ਦੁਬਾਰਾ ਮਿਲਿਆ ਹਾਂ। ਕਮਲਾ ਹੈਰਿਸ, ਜਿਸ ਨੇ ਸੈਨੇਟ ਮੈਂਬਰ ਵਜੋਂ ਫਲਾਇਡ ਦੇ ਸਨਮਾਨ ਵਿੱਚ ਬਿੱਲ ਪੇਸ਼ ਕੀਤਾ ਸੀ, ਨੇ ਕਿਹਾ ਕਿ ਕਾਂਗਰਸ ਨੂੰ ਬਿੱਲ ਉਪਰ ਤੇਜ਼ੀ ਨਾਲ ਕੰਮ ਕਰਨਾ ਚਾਹੀਦਾ ਹੈ।

# ਯੂਰਪੀ ਯੂਨੀਅਨ ਕੋਰਟ ਪੁੱਜੀ, ਐਸਟ੍ਰਾਜੇਨੇਕਾ ਨੂੰ ਵੈਕਸੀਨ ਤੁਰੰਤ ਦੀ ਸਪਲਾਈ ਲਈ ਹੁਕਮ ਦੇਣ ਦੀ ਬੇਨਤੀ

ਬ੍ਰਸੇਲਜ਼, 27 ਮਈ (ਪੋਸਟ ਬਿਊਰੋ)- ਯੂਰਪੀ ਯੂਨੀਅਨ ਨੇ ਕੱਲ੍ਹ ਬ੍ਰੱਸਲਜ਼ ਦੀ ਇੱਕ ਅਦਾਲਤ ਨੂੰ ਟੀਕਾ ਬਣਾਉਣ ਵਾਲੀ ਕੰਪਨੀ ਐਸਟ੍ਰਾਜੇਨੇਕਾ ਨੂੰ ਤੁਰੰਤ ਕੋਵਿਡ-19 ਟੀਕੇ ਦੀਆਂ ਬਾਕੀ ਬਚੀਆਂ ਖੁਰਾਕਾਂ ਦੀ ਸਪਲਾਈ ਕਰਨ ਦੇ ਹੁਕਮ ਦੇਣ ਦੀ ਬੇਨਤੀ ਕੀਤੀ ਹੈ। ਇਸ ਬਾਰੇ ਯੂਰਪੀ ਯੂਨੀਅਨ ਦੀ ਕਾਰਜਕਾਰੀ ਸ਼ਾਖਾ ਨੇ ਐਸਟ੍ਰਾਜੇਨੇਕਾ ਉੱਤੇ ਕੋਵਿਡ-19 ਟੀਕੇ ਦੀਆਂ ਤੈਅ ਖੁਰਾਕਾਂ ਦੇਣ ਵਿੱਚ ਨਾਕਾਮ ਰਹਿਣ ਦਾ ਦੋਸ਼ ਲਗਾਇਆ ਹੈ। 27 ਦੇਸ਼ਾਂ ਦੀ ਯੂਰਪੀ ਯੂਨੀਅਨ ਨਾਲ ਕੰਪਨੀ ਐਸਟ੍ਰਾਜੇਨੇਕਾ ਨੇ ਸ਼ੁਰੂਆਤੀ ਦੌਰ ਵਿੱਚ ਟੀਕੇ ਦੀਆਂ 30 ਕਰੋੜ ਖੁਰਾਕਾਂ ਦੀ ਸਪਲਾਈ ਦੇ ਸਮਝੌਤੇ ਉੱਤੇ ਦਸਤਖਤ ਕੀਤੇ ਸਨ, ਜੋ ਸਾਰੇ ਮੈਂਬਰਾਂ ਵਿੱਚ ਵੰਡੀ ਜਾਣੀ ਸੀ। ਇਸ ਦੇ ਨਾਲ ਅਗਲੇ ਸਮੇਂ ਵਿੱਚ 10 ਕਰੋੜ ਹੋਰ ਖੁਰਾਕਾਂ ਦਾ ਬਦਲ ਰੱਖਿਆ ਸੀ। ਟੀਕੇ ਦੀਆਂ ਇਹ ਖੁਰਾਕਾਂ ਸਾਲ 2021 ਦੌਰਾਨ ਦਿੱਤੀਆਂ ਜਾਣੀਆਂ ਸਨ, ਪਰ ਪਹਿਲੀ ਤਿਮਾਹੀ ਵਿੱਚ ਸਿਰਫ਼ ਤਿੰਨ ਕਰੋੜ ਖ਼ੁਰਾਕਾਂ ਹੀ ਦਿੱਤੀਆਂ ਗਈਆਂ ਹਨ।

ਓਧਰ ਕੋਰਨਾ ਵਾਇਰਸ ਦੇ ਇਨਫੈਕਸ਼ਨ ਦੇ ਵੱਧਦੇ ਕੇਸਾਂ ਦੌਰਾਨ ਟੀਕਿਆਂ ਦੀ ਕਮੀ ਨਾਲ ਜੂਝ ਰਹੇ ਸ਼੍ਰੀਲੰਕਾ ਨੂੰ ਚੀਨ ਨੇ ਸਿਨੋਫਾਰਮ ਟੀਕੇ ਦੀਆਂ ਪੰਜ ਲੱਖ ਖ਼ੁਰਾਕਾਂ ਦੇ ਦਿੱਤੀਆਂ ਹਨ। ਇਹ ਟੀਕੇ ਕੱਲ੍ਹ ਸਵੇਰੇ ਪਹੁੰਚੇ।

## ਮਾਲੀ ਵਿੱਚ ਫੌਜੀ ਬਗਾਵਤ :

# ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਰੱਖਿਆ ਮੰਤਰੀ ਬੰਦੀ ਬਣਾਏ



ਬਮਾਕੋ, 26 ਮਈ (ਪੋਸਟ ਬਿਊਰੋ)- ਅਫਰੀਕੀ ਦੇਸ਼ ਮਾਲੀ ਵਿੱਚ ਰਾਜਨੀਤਕ ਸੰਕਟ ਗੰਭੀਰ ਹੋ ਗਿਆ ਹੈ। ਅੰਤ੍ਰਿਮ ਸਰਕਾਰ ਵਿੱਚ ਫੇਰਬਦਲ ਦੇ ਕੁਝ ਸਮੇਂ ਬਾਅਦ ਫੌਜੀ ਬਗਾਵਤ ਹੋ ਗਈ ਤੇ ਬਾਗੀ ਫੌਜੀਆਂ ਨੇ ਰਾਸ਼ਟਰਪਤੀ ਬਾਹ ਦਾਵ, ਪ੍ਰਧਾਨ ਮੰਤਰੀ ਮੋਕਟਰ ਯਾਨ ਅਤੇ ਰੱਖਿਆ ਮੰਤਰੀ ਸੋਲੇਮੇਨ ਡੋਕੋਰੇ ਨੂੰ ਗ੍ਰਿਫਤਰ ਕਰ ਲੈ ਲਿਆ ਅਤੇ ਇਨ੍ਹਾਂ ਤਿੰਨਾਂ ਨੂੰ ਰਾਜਧਾਨੀ ਬਮਾਕੋ ਦੇ ਬਾਹਰ ਫੌਜੀ ਹੈਡਕੁਆਰਟਰ ਕਾਟੀ ਵਿੱਚ ਰੱਖਿਆ ਗਿਆ ਹੈ।

ਇਸ ਦੌਰਾਨ ਅੰਤ੍ਰਿਮ ਸਰਕਾਰ ਦੇ ਉਪ ਰਾਸ਼ਟਰਪਤੀ ਕਰਨਲ ਅਸੀਮੀ ਗੋਇਤਾ ਨੇ ਫੌਜ ਵੱਲੋਂ ਇਸ ਬਗਾਵਤ ਦੀ ਜ਼ਿੰਮੇਵਾਰੀ ਲੈਂਦੇ ਹੋਏ ਕਿਹਾ ਕਿ ਇਨ੍ਹਾਂ ਲੋਕਾਂ ਨੇ ਉਨ੍ਹਾਂ ਨਾਲ ਵਿਚਾਰ ਕੀਤੇ ਬਿਨਾਂ ਫੇਰਬਦਲ ਕੀਤਾ ਹੈ, ਜੋ ਟ੍ਰਾਂਜ਼ੀਸ਼ਨਲ ਚਾਰਟਰ ਦੇ ਲਿਹਾਜ਼ ਨਾਲ ਗਲਤ ਹੈ। ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੋਵਾਂ ਨੂੰ ਉਨ੍ਹਾਂ ਨੇ ਹਟਾ ਦਿੱਤਾ ਹੈ। ਅਗਲੇ ਸਾਲ ਆਮ ਚੋਣਾਂ ਸਮੇਂ ਉੱਤੇ ਹੀ ਹੋਣਗੀਆਂ।ਫੌਜੀ ਬਗਾਵਤਨਾਲ ਇਸ ਪੱਛਮੀ ਅਫਰੀਕੀ ਦੇਸ਼ ਵਿੱਚ ਹਾਲਾਤ ਵਿਗੜ ਸਕਦੇ ਹਨ, ਜਿੱਥੋਂ ਦੇ ਵੱਡੇ ਖੇਤਰ ਉੱਤੇ ਅਲ ਕਾਇਦਾ ਅਤੇ ਇਸਲਾਮਿਕ ਸਟੇਟ ਨਾਲ ਜੁੜੇ ਇਸਲਾਮਕ ਗਰੁੱਪਾਂ ਦਾ ਕੰਟਰੋਲ ਹੈ। ਇਹ ਇਸਲਾਮਕ ਗਰੁੱਪ ਫੌਜ ਅਤੇ ਆਮ ਲੋਕਾਂ ਉੱਤੇ ਅਕਸਰ ਹਮਲੇ ਕਰਦੇ ਰਹਿੰਦੇ ਹਨ। ਫਰਾਂਸੀਸੀ ਫੋਰਸਾਂ ਨੇ 2013 ਵਿੱਚ ਇਸਲਾਮਕ ਗਰੁੱਪਾਂ ਨੂੰ ਕਾਫੀ ਪਿੱਛੇ ਧਕੇਲ ਦਿੱਤਾ ਸੀ, ਪਰ ਬਾਅਦ ਵਿੱਚ ਉਹ ਸੰਗਠਿਤ ਹੋ ਕੇ ਫਿਰ ਤੋਂ ਹਮਲੇ ਕਰਨ ਲੱਗੇ। ਉਨ੍ਹਾਂ ਨੇ ਆਪਣਾ ਵਿਸਥਾਰ ਗੁਆਂਢੀ ਦੇਸ਼ਾਂ ਤਕ ਕਰ ਲਿਆ ਹੈ।

## ਅਮਰੀਕਾ ਦਾ ਪਾਕਿ ਨੂੰ ਫਿਰ ਝਟਕਾ:

# ਡੋਨਾਲਡ ਟਰੰਪ ਤੋਂ ਬਾਅਦ ਜੋ ਬਾਈਡੇਨ ਨੇ ਵੀ ਫੰਡਿੰਗ ਰੋਕੀ

ਵਾਸ਼ਿੰਗਟਨ, 26 ਮਈ (ਪੋਸਟ ਬਿਊਰੋ)- ਅਮਰੀਕਾ ਨੇ ਪਾਕਿਸਤਾਨ ਨੂੰ ਫਿਰ ਕਰਾਰਾ ਝਟਕਾ ਦਿੱਤਾ ਹੈ। ਅੱਤਵਾਦ ਦੇ ਕੇਸਾਂ ਵਿੱਚ ਸ਼ੱਕੀ ਭੂਮਿਕਾ ਤੇ ਕਾਰਵਾਈ ਵਿੱਚ ਸਹਿਯੋਗ ਨਾ ਦੇਣ ਕਾਰਨ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਬਾਅਦ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਨੇ ਵੀ ਪਾਕਿਸਤਾਨ ਦੀ ਫੰਡਿੰਗ ਰੋਕ ਦਿੱਤੀ ਹੈ।



ਇਸ ਸੰਬੰਧ ਵਿੱਚ ਅਮਰੀਕੀ ਰੱਖਿਆ ਵਿਭਾਗ ਦੇ ਦਫ਼ਤਰ ਪੈਂਟਾਗਨ ਨੇ ਕਿਹਾ ਕਿ ਰਾਸ਼ਟਰਪਤੀ ਜੋਅ ਬਾਈਡੇਨ ਨੇ ਪਾਕਿਸਤਾਨ ਨੂੰ ਮਿਲਦੀ ਫੌਜੀ ਮਦਦ ਰੱਦ ਰੱਖਣ ਦਾ ਫ਼ੈਸਲਾ ਕੀਤਾ ਹੈ। ਟਰੰਪ ਨੇ ਜਨਵਰੀ 2018 ਵਿੱਚ ਪਾਕਿਸਤਾਨ ਨੂੰ ਦਿੱਤੀ ਜਾਂਦੀ ਸਾਰੀ ਫੌਜੀ ਮਦਦ ਰੱਦ ਕਰ ਕੇ ਕਿਹਾ ਸੀ ਕਿ ਉਹ ਅੱਤਵਾਦ ਖ਼ਿਲਾਫ਼ ਲੜਾਈ ਵਿੱਚ ਪਾਕਿਸਤਾਨ ਦੀ ਭੂਮਿਕਾ ਅਤੇ ਉਸ ਵੱਲੋਂ ਮਿਲਦੇ ਸਹਿਯੋਗ ਬਾਰੇ ਸੰਤੁਸ਼ਟ ਨਹੀਂ। ਪੈਂਟਾਗਨ ਦੇ ਪ੍ਰੈਸ ਸੈਕਟਰੀ ਜਾਨ ਕਿਰਬੀ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਪਾਕਿਸਤਾਨ ਨੂੰ ਅਮਰੀਕਾ ਵੱਲੋਂ ਦਿੱਤੀ ਜਾਣ ਵਾਲੀ ਫੰਡਿੰਗ ਵਿੱਚ ਕੋਈ ਬਦਲਾਅ ਹੋਵੇਗਾ ਜਾਂ ਨਹੀਂ, ਇਸ ਬਾਰੇ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਫੌਜ ਮੁਖੀ ਕਮਰ ਜਾਵੇਦ ਬਾਜਵਾ ਦੀ ਅਮਰੀਕੀ ਰੱਖਿਆ ਮੰਤਰੀ ਲਾਇਡ ਆਸਟਿਨ ਨਾਲ ਗੱਲਬਾਤ ਹੋਈ ਸੀ। ਅਮਰੀਕਾ ਦੇ ਸੁਰੱਖਿਆ ਸਲਾਹਕਾਰ ਜੈਕ ਸੁਲਿਵਨ ਨਾਲ ਪਾਕਿਸਤਾਨੀ ਆਗੂ ਮੋਇਦ ਯੁਸੁਫ ਨੇ ਵੀ ਜਿਨੇਵਾ ਵਿੱਚ ਗੱਲਬਾਤ ਕੀਤੀ ਸੀ। ਸਮਝਿਆ ਜਾ ਰਿਹਾ ਹੈ ਕਿ ਦੋਵਾਂ ਦੀ ਬੇਨਤੀ ਨੂੰ ਅਮਰੀਕਾ ਨੇ ਨਹੀਂ ਮੰਨਿਆ। ਕਿਰਬੀ ਨੂੰ ਸਵਾਲ ਕੀਤਾ ਗਿਆ ਕਿ ਰਾਸ਼ਟਰਪਤੀ ਜੋਅ ਬਾਈਡਨ ਦੇ ਪ੍ਰਸ਼ਾਸਨ ਨੇ ਇਸ ਵਿਸ਼ੇ ਉੱਤੇ ਪੁਰਾਣੇ ਟਰੰਪ ਪ੍ਰਸ਼ਾਸਨ ਦੀ ਨੀਤੀ ਦੀ ਘੋਖ ਕੀਤੀ ਹੈ ਜਾਂ ਨਹੀਂ? ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਇਸ ਵਿੱਚ ਕੋਈ ਤਬਦੀਲੀ ਹੋਈ ਹੈ ਜਾਂ ਪਾਕਿਸਤਾਨੀ ਲੀਡਰਸ਼ਿਪ ਨਾਲ ਇਸ ਮੁੱਦੇ ਉੱਤੇ ਚਰਚਾ ਹੋਈ ਹੈ?

# ਟੋਕੀਓ ਵਿੱਚ ਪਹਿਲੀ ਟ੍ਰਾਂਸਜ਼ੈਂਡਰ ਐਥਲੀਟ ਲਾਰੇਲ ਹਬਰਡ ਵੀ ਹਿੱਸਾ ਲਵੇਗੀ

ਟੋਕੀਓ, 27 ਮਈ (ਪੋਸਟ ਬਿਊਰੋ)- ਲਾਰੇਲ ਹਬਰਡ ਟੋਕੀਓ ਗੇਮਸ ਵਿੱਚਖੇਡਣ ਵਾਲੀ ਪਹਿਲੀ ਟ੍ਰਾਂਸਜ਼ੈਂਡਰ ਅਥਲੀਟ ਬਣ ਕੇ ਇਤਿਹਾਸ ਰਚ ਸਕਦੀ ਹੈ। ਨਿਊਜ਼ੀਲੈਂਡ ਓਲੰਪਿਕ ਕਮੇਟੀ ਨੇ ਇਸ ਦਾ ਐਲਾਨ ਕੀਤਾ ਹੈ। ਇਸ ਵਿੱਚ ਖਾਸ ਗੱਲ ਇਹ ਹੈ ਕਿ 43 ਸਾਲ ਦੀ ਲਾਰੇਲ ਨੇ 2013 ਵਿੱਚ ਆਪਣਾ ਜੈਂਡਰ ਵੁਮਨ ਕਰਾਇਆ ਸੀ, ਉਦੋਂ ਤੱਕ ਉਹ ਮੈਂਨਸ ਵੇਟਲਿਫਟਿੰਗ ਚੈਂਪੀਅਨ ਜਿੱਤ ਚੁੱਕੀ ਸੀ। ਉਸ ਦੀ ਨਿਯੁਕਤੀ ਹੋਣ ਤੋਂ ਪਹਿਲਾਂ ਓਲੰਪਿਕ ਵੇਟ ਲਿਫਟਰ ਟ੍ਰੈਸੀ ਲੈਮਬ੍ਰੈਚ ਵੀ ਪ੍ਰੇਸ਼ਾਨ ਹੈ। ਉਸ ਨੇ ਕਿਹਾ ਕਿ ਮੈਂ ਨਿਰਾਸ਼ ਹਾਂ ਕਿ ਲਾਰੇਲ ਕਾਰਨ ਇੱਕ ਮਹਿਲਾ ਓਲੰਪਿਕ ਵਿੱਚ ਆਪਣਾ ਥਾਂ ਹਾਸਲ ਕਰਨ ਤੋਂ ਰਹਿ ਗਈ। ਮੈਨੂੰ ਕਈ ਮਹਿਲਾ ਵੇਟਲਿਫਟਰ ਜਾਣਦੀਆਂ ਹਨ, ਜੋ ਇਸ ਕੇਸ ਵਿੱਚ ਬੋਲਣਾ ਚਾਹੁੰਦੀਆਂ ਹਨ, ਪਰ ਬੋਲਦੀਆਂ ਨਹੀਂ ਕਿਉਂਕਿ ਉਨ੍ਹਾਂ ਨੂੰ 'ਬਾਹਰ ਜਾਣ ਦਾ ਡਰ' ਹੈ। ਉਠ ਰਹੇ ਵਿਰੋਧ ਉੱਤੇ ਲਾਰੇਲ ਨੇ ਕਿਹਾ ਕਿ ਤੁਸੀਂ ਜੇ 10 ਸਾਲ ਪਿੱਛੇ ਜਾਓ ਤਾਂ ਸਾਡੇ ਵਰਗੇ ਐਥਲੀਟਸ ਦਾ ਵੀ ਵਿਰੋਧ ਹੁੰਦਾ ਸੀ। ਇਹ ਅੱਜ ਵੀ ਹੈ। ਮੈਨੂੰ ਲੱਗਦਾ ਹੈ ਕਿ ਮੈਨੂੰ ਅੱਗੇ ਵਧਣਾ ਚਾਹੀਦਾ ਹੈ ਅਤੇ ਵਧੇ ਹੋਏ ਕੰਪੀਟੀਸ਼ਨ ਵਿੱਚਆਪਣੀ ਧਾਂਕ ਜਮਾਉਣੀ ਚਾਹੀਦੀ ਹੈ। ਇਸ ਬਾਰੇ ਵਿਵਾਦ ਹਾਲੇ ਵੀ ਵਧਣ ਦੀ ਸੰਭਾਵਨਾ ਹੈ।




ਟੋਕੀਓ ਓਲੰਪਿਕ ਦੌਰਾਨ ਖਿਡਾਰੀ ਵੀ ਗਰਮੀ ਤੋਂ ਪ੍ਰੇਸ਼ਾਨ ਹੋਣਗੇ। 'ਬਲੂਮਬਰਗ' ਦੀ ਰਿਪੋਰਟ ਮੁਤਾਬਕ ਜਾਪਾਨ ਵਿੱਚ ਅਗਸਤ ਵਿੱਚ ਪਾਰਾ ਔਸਤਨ 26.3 ਅਤੇ 27.4 ਡਿਗਰੀ ਹੋਣ ਦੀ ਸੰਭਾਵਨਾ ਹੈ ਪਰ ਵਧ ਕੇ 39.1 ਡਿਗਰੀ ਤੱਕ ਜਾ ਸਕਦਾ ਹੈ। ਇਹ 1994 ਵਿੱਚ ਹੋਏ ਓਲੰਪਿਕ ਤੋਂ 11.1 ਡਿਗਰੀ ਜ਼ਿਆਦਾ ਹੈ। ਯਾਨੀ ਹਰ ਸਾਲ ਅਗਸਤ ਦਾ ਮਹੀਨਾ ਗਰਮ ਹੁੰਦਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਬੀਜਿੰਗ (2008), ਏਥੈਂਸ (2004) ਅਤੇ ਅਟਲਾਂਟਾ (1996) ਵਿੱਚ ਔਸਤਨ ਪਾਰਾ 25 ਡਿਗਰੀ ਦੇ ਨੇੜੇ ਰਿਹਾ ਹੈ। ਟੋਕੀਓ ਵਿੱਚ ਇਸ ਵਾਰ ਗਰਮੀ ਵੱਧਣ ਦੀ ਸੰਭਾਵਨਾ ਕਾਰਨ ਮੈਰਾਥਨ ਅਤੇ ਰੋਡ ਸਾਈਕਲਿੰਗ ਵਰਗੇ ਈਵੈਂਟ ਸਾਪਪੋਰੋ ਅਤੇ ਮਾਊਂਟ ਫੂਜੀ ਨੇੜੇ ਕਰਵਾਏ ਜਾ ਰਹੇ ਹਨ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ। ਸੰਪਰਕ: ਅਜੈਬ ਸਹੋਤਾ

4165618882, 4164544587

A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਫਰੀ ਪਿਕਅਪ

Best Rates For Lessons

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

# ਸ਼ੂਗਰ ਦੇ ਰੋਗੀਆਂ ਦੀ ਸਿਹਤ-ਸੰਭਾਲ ਅਤੇ ਇਲਾਜ ਲਈ ਮਹੱਤਵਪੂਰਨ ਕਦਮ ਸਾਬਤ ਹੋਵੇਗਾ ਸੋਨੀਆ ਸਿੱਧੂ ਵੱਲੋਂ ਸੰਸਦ 'ਚ ਪੇਸ਼ ਕੀਤਾ ਗਿਆ ਬਿਲ ਸੀ-237



ਬਰੈਂਪਟਨ - ਡਾਇਬਟੀਜ਼ ਭਾਵ ਸ਼ੂਗਰ ਰੋਗ ਕੈਨੇਡੀਅਨਾਂ 'ਚ ਤੇਜ਼ੀ ਨਾਲ ਪੈਰ ਪਸਾਰ ਰਿਹਾ ਹੈ ਅਤੇ ਕੈਨੇਡਾ ਵਿੱਚ ਹਰ ਤਿੰਨ ਮਿੰਟ ਵਿੱਚ ਸ਼ੂਗਰ ਦਾ ਇੱਕ ਨਵਾਂ ਕੇਸ ਸਾਹਮਣੇ ਆਉਂਦਾ ਹੈ। ਸਾਊਥ ਏਸ਼ੀਅਨ ਭਾਈਚਾਰੇ ਦੇ ਵੀ ਵੱਡੀ ਗਿਣਤੀ 'ਚ ਲੋਕ ਇਸ ਰੋਗ ਤੋਂ ਗ੍ਰਸਤ ਹਨ। ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਵੱਲੋਂ ਇਸ ਖੇਤਰ 'ਚ ਲੰਮੇ ਸਮੇਂ ਤੋਂ ਕੰਮ ਕੀਤਾ ਜਾ ਰਿਹਾ ਹੈ। ਹੁਣ, ਉਹਨਾਂ ਵੱਲੋਂ ਸੰਸਦ 'ਚ ਬਿਲ ਸੀ-237 ਪੇਸ਼ ਕੀਤਾ ਗਿਆ ਹੈ, ਜੋ ਸ਼ੂਗਰ ਦੇ ਰੋਗੀਆਂ ਦੀ ਸਿਹਤਯਾਬੀ ਲਈ ਮਹੱਤਵਪੂਰਨ ਕਦਮ ਸਾਬਤ ਹੋਵੇਗਾ। ਇਸ ਬਿਲ ਨੂੰ ਲੈਕੇ ਬੁੱਧਵਾਰ ਨੂੰ ਸੰਸਦ 'ਚ ਅਖੀਰਲੀ ਬਹਿਸ ਹੋਣੀ ਹੈ।

ਐੱਮ.ਪੀ ਸੋਨੀਆ ਸਿੱਧੂ ਵੱਲੋਂ ਇਸ ਬਿੱਲ 'ਤੇ ਪਿਛਲੇ ਸਾਲ ਤੋਂ ਕੰਮ ਕੀਤਾ ਜਾ ਰਿਹਾ ਹੈ। ਉਹਨਾਂ ਵੱਲੋਂ ਬਿਲ ਸੀ-237 ਜ਼ਰੀਏ ਮੁਲਕ 'ਚ ਡਾਇਬਟੀਜ਼ 'ਤੇ ਨੈਸ਼ਨਲ ਫਰੇਮਵਰਕ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ। ਇਸ ਨਾਲ ਸ਼ੂਗਰ ਦੇ ਰੋਗੀਆਂ ਦੀ ਵਧੀਆ ਦੇਖਭਾਲ, ਰੋਕਥਾਮ ਅਤੇ ਇਲਾਜ ਯਕੀਨੀ ਬਣਾਇਆ ਜਾਵੇਗਾ।

ਇਸ ਬਿੱਲ ਤਹਿਤ ਕੈਨੇਡੀਅਨਾਂ ਨੂੰ ਡਾਇਬਟੀਜ਼ ਅਤੇ ਪ੍ਰੀ-ਡਾਇਬਟੀਜ਼ ਸਬੰਧੀ ਜਾਣਕਾਰੀ, ਸਿਹਤ ਸੰਭਾਲ ਅਤੇ ਸ਼ੂਗਰ ਦੀ ਰੋਕਥਾਮ ਅਤੇ ਇਲਾਜ ਨਾਲ ਸਬੰਧਤ ਹੋਰ ਪੇਸ਼ੇਵਰਾਂ ਦੀ ਸਿਖਲਾਈ, ਕਲੀਨਿਕਲ ਅਭਿਆਸ ਦਿਸ਼ਾ ਨਿਰਦੇਸ਼ਾਂ ਨੂੰ ਸੁਨਿਸ਼ਚਤ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ ਡਾਇਬਟੀਜ਼ ਸਬੰਧੀ ਰਿਸਰਚ ਨੂੰ ਉਤਸ਼ਾਹਿਤ ਕਰਨਾ ਅਤੇ ਸ਼ੂਗਰ ਦੀ ਰੋਕਥਾਮ ਅਤੇ ਇਲਾਜ ਬਾਰੇ ਡਾਟਾ ਇਕੱਤਰ ਕਰਨ ਵਿਚ ਸੁਧਾਰ ਕਰਨਾ ਅਤੇ ਸ਼ੂਗਰ ਦੀ ਰੋਕਥਾਮ ਅਤੇ ਇਲਾਜ ਦੇ ਸੰਬੰਧ ਵਿਚ ਜਾਣਕਾਰੀ ਨੂੰ ਉਤਸ਼ਾਹਿਤ ਕਰਨਾ ਵੀ ਇਸ ਬਿੱਲ ਦਾ ਹਿੱਸਾ ਹੈ। ਨਾਲ ਹੀ ਜੇਕਰ ਕਿਸੇ ਨੂੰ ਸ਼ੂਗਰ ਰੋਗ ਹੈ ਤਾਂ ਡਾਇਬਟੀਜ਼ ਦੀ ਰੋਕਥਾਮ ਅਤੇ ਇਲਾਜ ਦੇ ਢਾਂਚੇ, ਰਣਨੀਤੀਆਂ ਅਤੇ ਸਰਬੋਤਮ ਅਭਿਆਸਾਂ ਨੂੰ ਧਿਆਨ ਵਿੱਚ ਰੱਖਣ ਦੀ ਤਜਵੀਜ਼ ਵੀ ਇਸ ਬਿੱਲ ਵਿੱਚ ਰੱਖੀ ਗਈ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਸੋਨੀਆ ਸਿੱਧੂ ਨੇ ਡਾਇਬਟੀਜ਼ ਨੂੰ ਲੈ ਕੇ ਮੋਸ਼ਨ ਐੱਮ-173 ਪੇਸ਼ ਕੀਤਾ ਸੀ, ਜੋ ਕੈਨੇਡਾ ਦੀ ਸੰਸਦ 'ਚ ਬਹੁਮਤ ਨਾਲ ਪਾਸ ਹੋਇਆ ਸੀ। ਇਸਦੇ ਸਦਕਾ ਕੈਨੇਡਾ 'ਚ ਨਵੰਬਰ ਦਾ ਮਹੀਨਾ "ਡਾਇਬਟੀਜ਼ ਜਾਗਰੂਕਤਾ ਮਹੀਨਾ" ਵਜੋਂ ਮਨਾਇਆ ਜਾਣ ਲੱਗਿਆ ਹੈ। ਸਾਲ 2017 'ਚ ਐੱਮ.ਪੀ ਸੋਨੀਆ ਸਿੱਧੂ ਨੇ ਕੈਨੇਡਾ ਭਰ 'ਚ ਵੱਖ-ਵੱਖ ਥਾਵਾਂ ਦਾ ਦੌਰਾ ਕੀਤਾ ਸੀ, ਜਿਸ 'ਚ ਉਹਨਾਂ ਨੇ ਸਿਹਤਮੰਦ ਜੀਵਨ-ਜਾਚ ਨੂੰ ਲੈ ਕੇ ਸਟੱਡੀ ਕੀਤੀ ਗਈ ਸੀ, ਅਤੇ ਨਤੀਜੇ ਵਜੋਂ ਕੈਨੇਡਾ ਫੂਡ ਗਾਈਡ 'ਚ ਲੋੜੀਂਦੇ ਬਦਲਾਅ ਕੀਤੇ ਗਏ ਸਨ। ਇਹ ਫੂਡ-ਗਾਈਡ ਪੰਜਾਬੀ ਸਮੇਤ ਕਈ ਹੋਰ ਭਾਸ਼ਾਵਾਂ 'ਚ ਬਰੈਂਪਟਨ 'ਚ ਰਿਲੀਜ਼ ਕੀਤੀ ਗਈ ਸੀ।

ਇਸ ਸਬੰਧੀ ਗੱਲ ਕਰਦਿਆਂ ਐੱਮ.ਪੀ ਸੋਨੀਆ ਸਿੱਧੂ ਨੇ ਕਿਹਾ ਕਿ "ਕੈਨੇਡਾ 'ਚ ਹੋਈ ਇਨਸੁਲਿਨ ਦੀ ਖੋਜ ਦੀ ਇਸ ਸਾਲ 100ਵੀਂ ਵਰ੍ਹੇਗੰਢ ਹੈ। ਹੁਣ ਸਮਾਂ ਹੈ ਕਿ ਕੈਨੇਡਾ ਇੱਕ ਵਾਰ ਤੋਂ ਮੋਹਰੀ ਹੋ ਕੇ ਡਾਇਬਟੀਜ਼ ਦਾ ਇਲਾਜ ਲੱਭਣ 'ਚ ਸਫ਼ਲਤਾ ਹਾਸਲ ਕਰੇ। ਮੇਰਾ ਪ੍ਰਾਈਵੇਟ ਮੈਂਬਰ ਬਿੱਲ ਸੀ-237 ਸ਼ੂਗਰ ਸਬੰਧੀ ਆਉਂਦੀਆਂ ਮੁਸ਼ਕਲਾਂ ਅਤੇ ਉਹਨਾਂ ਦੇ ਹੱਲ ਲੱਭਣ ਜਿਹੇ ਮਹੱਤਵਪੂਰਨ ਮੁੱਦਿਆਂ ਨੂੰ ਸੰਬੋਧਤ ਕਰਦਾ ਹੈ। ਇਹ ਬਿਲ ਸੀ-237 ਸ਼ੂਗਰ ਤੋਂ ਜੂਝ ਰਹੇ ਕੈਨੇਡੀਅਨਾਂ ਦੀ ਸਿਹਤ ਸੰਭਾਲ ਅਤੇ ਇਲਾਜ ਨੂੰ ਲੈਕੇ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗਾ।

ਉਹਨਾਂ ਨੇ ਕਿਹਾ ਕਿ ਮੈਨੂੰ ਮਾਣ ਹੈ ਕਿ ਬਿਲ ਸੀ-237 ਹਾਊਸ ਆਫ ਕਾਮਨਜ਼ ਵਿੱਚ ਦੂਜੇ ਪੜਾਅ ਸਮੇਂ ਸਰਬਸੰਮਤੀ ਨਾਲ ਪਾਸ ਹੋ ਕੇ ਆਖਰੀ ਬਹਿਸ ਦੀ ਸਟੇਜ 'ਤੇ ਪੁੱਜ ਚੁੱਕਿਆ ਹੈ। ਮੈਂ ਪੂਰੀ ਆਸਵੰਦ ਹਾਂ ਕਿ ਜੇਕਰ ਅਸੀਂ ਸ਼ੂਗਰ ਦੀ ਸਿੱਖਿਆ, ਖੋਜ, ਅਤੇ ਇਲਾਜ ਸਬੰਧੀ ਜੇਕਰ ਅਸੀਂ ਸਾਰੇ ਮਿਲ ਕੇ ਕੰਮ ਕਰਦੇ ਹਾਂ ਤਾਂ ਅਸੀਂ ਇਸ ਬਿਮਾਰੀ ਨੂੰ ਹਰਾ ਸਕਦੇ ਹਾਂ।"

## ਕੈਨੇਡੀਅਨਾਂ ਨੂੰ ਕੋਵਿਡ-19 ਟੀਕਾਕਰਣ ਦੇ ਮਿੱਥੇ ਟੀਚੇ ਵੱਲ ਤੇਜ਼ੀ ਨਾਲ ਵੱਧ ਰਿਹਾ ਹੈ ਕੈਨੇਡਾ

### *25 ਮਿਲੀਅਨ ਤੋਂ ਵੱਧ ਕੋਵਿਡ-19 ਵੈਕਸੀਨ ਖੁਰਾਕਾਂ ਸੂਬਿਆਂ ਅਤੇ ਪ੍ਰਦੇਸ਼ਾਂ ਨੂੰ ਮੁਹੱਈਆ ਕਰਵਾਈਆਂ ਗਈਆਂ*

ਕੈਨੇਡਾ ਫੈਡਰਲ ਸਰਕਾਰ ਵੱਲੋਂ ਬੀਤੇ ਸ਼ੁੱਕਰਵਾਰ ਨੂੰ ਕੋਵਿਡ-19 ਵਿਰੁੱਧ ਮੁਹਿੰਮ 'ਚ ਇੱਕ ਮਹੱਤਵਪੂਰਣ ਮੀਲਪੱਥਰ ਸਥਾਪਤ ਕੀਤਾ ਗਿਆ, ਜਦੋਂ ਕੈਨੇਡਾ ਵਿੱਚ 21 ਮਿਲੀਅਨ ਤੋਂ ਵੱਧ ਕੋਵਿਡ -19 ਖੁਰਾਕਾਂ ਨੂੰ ਕੈਨੇਡੀਅਨਾਂ ਤੱਕ ਪਹੁੰਚਾਉਣ ਦਾ ਪ੍ਰਬੰਧ ਮੁਕੰਮਲ ਕੀਤਾ ਗਿਆ। ਸੋਮਵਾਰ ਤੱਕ ਫੈਡਰਲ ਸਰਕਾਰ ਤੱਕ ਇਹ ਅੰਕੜਾ ਵੱਧ ਕੇ 25 ਮਿਲੀਅਨ ਹੋ ਚੁੱਕਿਆ ਹੈ।

ਇਸ ਸਬੰਧੀ ਗੱਲ ਕਰਦਿਆਂ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕਿਹਾ ਕਿ ਇਹ ਫਰੰਟਲਾਈਨ 'ਤੇ ਕੰਮ ਕਰ ਰਹੇ ਵਰਕਰਾਂ, ਡਾਕਟਰਾਂ, ਨਰਸਾਂ ਅਤੇ ਫਾਰਮਾਸਿਸਟਾਂ ਦੀ ਮਿਹਨਤ ਕਰਕੇ ਸੰਭਵ ਹੋ ਪਾਇਆ ਹੈ ਜੋ ਲਗਾਤਾਰ ਕੈਨੇਡੀਅਨਾਂ ਨੂੰ ਵੈਕਸੀਨ ਲਗਾਉਣ ਦਾ ਕੰਮ ਕਰ ਰਹੇ ਹਨ। ਇਸਦੇ ਨਾਲ ਹੀ ਉਹਨਾਂ ਨੇ ਬਰੈਂਪਟਨ ਸਾਊਥ ਵਾਸੀਆਂ ਸਮੇਤ ਸਮੂਹ ਕੈਨੇਡੀਅਨਾਂ ਦਾ ਧੰਨਵਾਦ ਕੀਤਾ, ਜਿਹੜੇ ਵੈਕਸੀਨ ਲਗਵਾਉਣ ਲਈ ਅੱਗੇ ਆ ਰਹੇ ਹਨ ਅਤੇ ਹੋਰਾਂ ਨੂੰ ਵੀ ਅਜਿਹਾ ਕਰਨ ਲਈ ਉਤਸ਼ਾਹਿਤ ਕਰ ਰਹੇ ਹਨ। ਉਹਨਾਂ ਨੇ ਕਿਹਾ ਕਿ ਜਿੰਨ੍ਹੀ ਜਲਦੀ ਅਸੀਂ ਵੈਕਸੀਨੇਸ਼ਨ ਮੁਹਿੰਮ ਨੂੰ ਨੇਪਰੇ ਚਾੜ੍ਹਨ 'ਚ ਮਦਦ ਕਰਾਂਗੇ, ਉਨ੍ਹੀ ਹੀ ਜਲਦੀ ਜ਼ਿੰਦਗੀ ਮੁੜ੍ਹ ਤੋਂ ਲੀਹ 'ਤੇ ਪਰਤ ਸਕੇਗੀ।

ਉਹਨਾਂ ਨੇ ਕਿਹਾ ਕਿ ਕੈਨੇਡਾ ਫੈਡਰਲ ਸਰਕਾਰ ਵੈਕਸੀਨੇਸ਼ਨ ਸਬੰਧੀ ਸੂਬਿਆਂ ਅਤੇ ਪ੍ਰਦੇਸ਼ਾਂ ਦੇ ਨਾਲ ਕੰਮ ਕਰਨਾ ਜਾਰੀ ਰੱਖੇਗੀ ਅਤੇ ਇਹ ਸੁਨਿਸ਼ਚਿਤ ਕਰੇਗੀ ਕਿ ਜਲਦੀ ਤੋਂ ਜਲਦੀ ਅਸੀਂ ਆਪਣੇ ਮਿੱਥੇ ਟੀਚੇ ਵੱਲ ਨੂੰ ਵਧੀਏ। ਜੁਲਾਈ ਦੇ ਅੰਤ ਤਕ, ਅਸੀਂ ਇਕ-ਲੇ ਫਾਈਜ਼ਰ ਤੋਂ ਹੀ ਘੱਟੋ ਘੱਟ 2 ਮਿਲੀਅਨ/ਹਰ ਹਫ਼ਤੇ ਖੁਰਾਕਾਂ ਦੀ ਖੇਪ ਪ੍ਰਾਪਤ ਕਰਾਂਗੇ, ਅਤੇ ਸਤੰਬਰ ਦੇ ਅੰਤ ਤਕ, ਵਾਅਦੇ ਮੁਤਾਬਕ, ਅਸੀਂ ਕੈਨੇਡੀਅਨਾਂ ਨੂੰ ਕੋਵਿਡ-19 ਟੀਕਾਕਰਣ ਕਰਨ ਦੇ ਯੋਗ ਹੋਵਾਂਗੇ। ਐੱਮ.ਪੀ ਸੋਨੀਆ ਸਿੱਧੂ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਟੀਕਾ ਲਗਵਾਉਣ ਤੋਂ ਬਾਅਦ ਵੀ ਸਿਹਤ ਮਾਹਰਾਂ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਅਸੀਂ ਖੁਦ ਨੂੰ ਅਤੇ ਆਪਣੇ ਲੋਕਾਂ ਦੀ ਸਿਹਤ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕੀਏ।

## ਨਾਮ ਬਦਲੀ

ਮੈਂ ਗੁਰਜਿੰਦਰ ਸਿੰਘ ਸਪੁੱਤਰ ਬਲਵਿੰਦਰ ਸਿੰਘ ਪਿੰਡ ਸਰੈਣ, ਡਾਕਖਾਨਾ ਹੁਸੈਨਪੁਰ ਲਾਲੋਵਾਲ, ਤਹਿਸੀਲ ਹੁਸ਼ਿਆਰਪੁਰ (ਪੰਜਾਬ), ਕੈਨੇਡਾ ਵਿਚ 3344 Jinnies Way, London Ontario (N6L0C5), ਆਪਣੇ ਸਾਰੇ ਜਾਣਕਾਰਾਂ ਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਮੈਂ ਆਪਣਾ ਨਾਮ ਬਦਲ ਕੇ ਗੁਰਜਿੰਦਰ ਸਿੰਘ ਸਹੋਤਾ ਰੱਖ ਲਿਆ ਹੈ। ਹੁਣ ਤੋਂ ਮੈਨੂੰ ਇਸ ਨਾਮ ਨਾਲ ਜਾਣਿਆ ਜਾਵੇ। ਸੰਪਰਕ: 647-649-1700


Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

## ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਰਕ: 647-205-5909, 416-618-3358**

## ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

**ਸੰਪਰਕ: 647-391-3365**

# ਪ੍ਰੇਮਿਕਾ ਨੂੰ ਮਿਲਣ ਗਏ ਨੌਜਵਾਨ ਦਾ ਕਤਲ

ਟਾਂਗਰਾ, 27 ਮਈ (ਪੋਸਟ ਬਿਊਰੋ)- ਥਾਣਾ ਖਿਲਚੀਆਂ ਦੇ ਪਿੰਡ ਧੂਲਕਾ ਵਿਖੇ ਨਾਜਾਇਜ਼ ਸੰਬੰਧਾਂ ਕਾਰਨ ਆਪਣੀ ਵਿਆਹੁਤਾ ਪ੍ਰੇਮਿਕਾ ਨੂੰ ਮਿਲਣ ਆਏ ਨੌਜਵਾਨ ਨੂੰ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ।

ਮਿਲੀ ਜਾਣਕਾਰੀ ਮੁਤਾਬਕ ਗੁਰਵਿੰਦਰ ਸਿੰਘ ਪੁੱਤਰ ਪੂਰਨ ਸਿੰਘ ਪਿੰਡ ਪੱਡੇ ਥਾਣਾ ਬਿਆਸ, ਜੋ ਆਪਣੀ ਮਾਸੀ ਸੁਰਜੀਤ ਕੌਰ ਪਤਨੀ ਹਰਦੀਪ ਸਿੰਘ ਵਾਸੀ ਧੂਲਕਾ ਕੋਲ ਰਹਿੰਦਾ ਸੀ, ਦੇ ਸੰਬੰਧ ਦਲਜੀਤ ਕੌਰ ਪਤਨੀ ਲਖਵਿੰਦਰ ਸਿੰਘ ਪਿੰਡ ਧੂਲਕਾ ਨਾਲ ਬਣ ਗਏ ਅਤੇ ਦੋ ਸਾਲ ਪਹਿਲਾਂ ਉਹ ਦੋਵੇਂ ਘਰੋਂ ਭੱਜ ਗਏ ਸਨ। ਥਾਣਾ ਖਿਚਲੀਆਂ ਨੂੰ ਦਿੱਤੇ ਬਿਆਨਾਂ ਵਿੱਚ ਸੁਖਵਿੰਦਰ ਸਿੰਘ ਪੁੱਤਰ ਸੁੱਚਾ ਸਿੰਘ ਪਿੰਡ ਦੇਲਾਂ ਵਾਲ ਜ਼ਿਲ੍ਹਾ ਤਰਨਤਾਰਨ ਨੇ ਦੱਸਿਆ ਕਿ ਗੁਰਵਿੰਦਰ ਸਿੰਘ ਪੁੱਤਰ ਪੂਰਨ ਸਿੰਘ ਮੇਰੇ ਮਾਮੇ ਦਾ ਲੜਕਾ ਸੀ। ਕੱਲ੍ਹ ਰਾਤ 11 ਵਜੇ ਮੈਨੂੰ ਉਸ ਨੇ ਫ਼ੋਨ




ਕਰਕੇ ਦੱਸਿਆ ਕਿ ਦਲਜੀਤ ਕੌਰ ਪਤਨੀ ਲਖਵਿੰਦਰ ਸਿੰਘ ਵਾਸੀ ਧੂਲਕਾ ਨੇ ਮੈਨੂੰ ਘਰ ਸੱਦ ਕੇ ਫਸਾ ਦਿੱਤਾ ਹੈ। ਅਸੀਂ ਉਥੇ ਜਾ ਕੇ ਵੇਖਿਆ ਤਾਂ ਗੁਰਵਿੰਦਰ ਸਿੰਘ ਦੀ ਲਾਸ਼ ਲਖਵਿੰਦਰ ਸਿੰਘ ਦੇ ਘਰ ਦੀ ਲਾਬੀ ਅਤੇ ਸਟੋਰ ਦੇ ਬੂਹੇ ਵਿਚਾਲੇ ਪਈ ਸੀ। ਐਸ ਐਚ ਓ ਬਲਜਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੁਖਵਿੰਦਰ ਸਿੰਘ ਦੇ ਬਿਆਨਾਂ ਉੱਤੇ ਦਲਜੀਤ ਕੌਰ, ਅਮਰਜੀਤ ਕੌਰ, ਅਜੀਤ ਸਿੰਘ, ਧਰਮਿੰਦਰ ਸਿੰਘ, ਅੰਗਰੇਜ ਸਿੰਘ, ਅੰਮ੍ਰਿਤਪਾਲ ਸਿੰਘ, ਬਲਜੀਤ ਕੌਰ, ਬਲਰਾਜ ਸਿੰਘ, ਅੰਮ੍ਰਿਤਪਾਲ ਸਿੰਘ 9 ਵਿਅਕਤੀਆਂ ਦੇ ਵਿਰੁੱਧ ਕੇਸ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM



KULWINDERCHHINA
BROKER
647.293.2327




# Matrimonial
## ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼ੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜ਼ਿਲ੍ਹੇ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ-Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ
416.230.4000 • 647.409.1092
www.STARLANEPAINTING.com

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



UPPAL LAW



AVTAR UPPAL
Manager

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters



AMAN UPPAL
Barrister,Solicitor

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

WANTED
Panjabi Nannies, Caregivers, Cleaning ladies and Cooks for GTA. Please contact at the earliest at:
416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਮਹਾਂਮਾਰੀ ਦੌਰਾਨ ਚੋਣਾਂ ਨੂੰ ਗੈਰਜ਼ਿੰਮੇਵਰਾਨਾ ਐਲਾਨਣ ਲਈ ਐਮਪੀਜ਼ ਵਿਚ ਬਣੀ ਸਹਿਮਤੀ !

ਓਟਵਾ, 27 ਮਈ (ਪੋਸਟ ਬਿਊਰੋ) : ਬਲਾਕ ਕਿਊਬਿਕੁਆ ਵੱਲੋਂ ਮਹਾਂਮਾਰੀ ਦੌਰਾਨ ਚੋਣਾਂ ਨਾ ਕਰਵਾਏ ਜਾਣ ਸਬੰਧੀ ਲਿਆਂਦੇ ਗਏ ਮਤੇ ਨੂੰ ਲੱਗਭਗ ਸਾਰੀਆਂ ਪਾਰਟੀਆਂ ਵੱਲੋਂ ਹੀ ਸਮਰਥਨ ਦਿੱਤਾ ਗਿਆ ਤੇ ਇਸ ਗੱਲ ਉੱਤੇ ਵੀ ਸਹਿਮਤੀ ਬਣੀ ਕਿ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਅਜਿਹਾ ਹੋਣ ਤੋਂ ਰੋਕੇ।



ਇੰਡੀਪੈਂਡੈਂਟ ਐਮਪੀ ਡੈਰੇਕ ਸਲੋਨ ਤੋਂ ਇਲਾਵਾ ਸਾਰੇ ਐਮਪੀਜ਼ ਨੇ ਮਹਾਂਮਾਰੀ ਦੌਰਾਨ ਚੋਣਾਂ ਕਰਵਾਏ ਜਾਣ ਦੇ ਮਾਮਲੇ ਨੂੰ ਗੈਰਜ਼ਿੰਮੇਵਰਾਨਾ ਕਰਾਰ ਦਿੱਤਾ। ਇਸ ਤੋਂ ਪਹਿਲਾਂ ਦਿਨ ਵੇਲੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਸੀ ਕਿ ਉਨ੍ਹਾਂ ਦਾ ਧਿਆਨ ਮਹਾਂਮਾਰੀ ਦੌਰਾਨ ਕੈਨੇਡੀਅਨਾਂ ਦੀ ਮਦਦ ਉੱਤੇ ਹੀ ਕੇਂਦਰਿਤ ਹੈ ਤੇ ਇਸ ਮਹਾਂਮਾਰੀ ਦੇ ਮੁੱਕਣ ਤੱਕ ਚੋਣਾਂ ਕਰਵਾਉਣ ਦਾ ਸਰਕਾਰ ਦਾ ਕੋਈ ਇਰਾਦਾ ਨਹੀਂ ਹੈ।

ਉਨ੍ਹਾਂ ਆਖਿਆ ਕਿ ਮਹਾਂਮਾਰੀ ਮੁੱਕਣ ਤੋਂ ਪਹਿਲਾਂ ਕੋਈ ਵੀ ਚੋਣਾਂ ਨਹੀਂ ਕਰਵਾਉਣਾ ਚਾਹੁੰਦਾ। ਇਸ ਮਤੇ ਵਿੱਚ ਪਿਛਲੇ ਸਾਲ ਕੋਵਿਡ-19 ਕਾਰਨ ਮਚੀ ਤਬਾਹੀ ਦਾ ਵੀ ਜ਼ਿਕਰ ਕੀਤਾ ਗਿਆ ਜਿਸ ਦੌਰਾਨ 25000 ਤੋਂ ਵੱਧ ਕੈਨੇਡੀਅਨਾਂ ਦੀਆਂ ਜਾਂਨਾਂ ਚਲੀਆਂ ਗਈਆਂ। ਇਸ ਮੌਕੇ ਟਰੂਡੋ ਸਮੇਤ ਮੌਜੂਦ ਸਾਰੇ ਲਿਬਰਲਾਂ ਨੇ ਇਸ ਮਤੇ ਦੇ ਪੱਖ ਵਿੱਚ ਵੋਟ ਪਾਈ।

ਇਸ ਸੱਭ ਦੇ ਬਾਵਜੂਦ ਪਾਰਟੀਆਂ ਚੋਣਾਂ ਦੇ ਸਬੰਧ ਵਿੱਚ ਆਪੋ ਆਪਣੀਆਂ ਤਿਆਰੀਆਂ ਕਰਨ ਵਿੱਚ ਵੀ ਰੁੱਝੀਆਂ ਹੋਈਆਂ ਹਨ। ਹੁਣ ਤੱਕ ਲਿਬਰਲਾਂ ਵੱਲੋਂ 152 ਉਮੀਦਵਾਰ, ਕੰਜ਼ਰਵੇਟਿਵਾਂ ਵੱਲੋਂ 206 ਉਮੀਦਵਾਰ, ਐਨਡੀਪੀ ਵੱਲੋਂ 75 ਉਮੀਦਵਾਰ ਤੇ ਗ੍ਰੀਨਜ਼ ਵੱਲੋਂ 18 ਉਮੀਦਵਾਰਾਂ ਨੂੰ ਨਾਮਜਦ ਕੀਤਾ ਜਾ ਚੁੱਕਿਆ ਹੈ।

# ਐਨ ਏ ਸੀ ਆਈ ਵੱਲੋਂ ਪਹਿਲਾਂ ਲਾਈ ਗਈ ਵੈਕਸੀਨ ਦੀ ਹੀ ਦੂਜੀ ਡੋਜ਼ ਦੇਣ ਦੀ ਸਿਫਾਰਿਸ਼

ਓਟਵਾ, 27 ਮਈ (ਪੋਸਟ ਬਿਊਰੋ) : ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ ਵੱਲੋਂ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼ ਨੂੰ ਲੈ ਕੇ ਜਾਰੀ ਕੀਤੇ ਗਏ ਨਵੇਂ ਦਿਸ਼ਾ ਨਿਰਦੇਸ਼ਾਂ ਤਹਿਤ ਇਹ ਸਿਫਾਰਿਸ਼ ਕੀਤੀ ਗਈ ਹੈ ਕਿ ਦੂਜੇ ਰਾਊਂਡ ਵਿੱਚ ਵੀ ਸਬੰਧਤ ਵਿਅਕਤੀ ਨੂੰ ਪਹਿਲੇ ਰਾਊਂਡ ਵਿੱਚ ਲਾਏ ਗਏ ਟੀਕੇ ਦੀ ਹੀ ਦੂਜੀ ਡੋਜ਼ ਦਿੱਤੀ ਜਾਵੇ।



ਐਨ ਏ ਸੀ ਆਈ ਨੇ ਇਹ ਵੀ ਆਖਿਆ ਹੈ ਕਿ ਜੇ ਕਿਸੇ ਵਿਅਕਤੀ ਨੂੰ ਪਹਿਲਾਂ ਲਾਏ ਗਏ ਟੀਕੇ ਵਾਲੀ ਵੈਕਸੀਨ ਦੀ ਦੂਜੀ ਡੋਜ਼ ਉਪਲਬਧ ਨਹੀਂ ਹੈ ਤਾਂ ਆਕਸਫੋਰਡ ਐਸਟ੍ਰਾਜ਼ੈਨੇਕਾ ਦੀ ਥਾਂ ਉੱਤੇ ਜੌਹਨਸਨ ਐਂਡ ਜੌਹਨਸਨ ਅਤੇ ਫਾਈਜ਼ਰ ਬਾਇਓਐਨਟੈਕ ਦੀ ਥਾਂ ਉੱਤੇ ਮੌਡਰਨਾ ਲਵਾਈ ਜਾ ਸਕਦੀ ਹੈ, ਦੋਵੇਂ ਐਮ ਆਰ ਐਨ ਏ ਵੈਕਸੀਨਜ਼ ਹਨ। ਪਰ ਜਦੋਂ ਵਾਇਰਲ ਵੈਕਟਰ ਵੈਕਸੀਨਜ਼ ਐਸਟ੍ਰਾਜ਼ੈਨੇਕਾ ਤੇ ਜੌਹਨਸਨ ਐਂਡ ਜੌਹਨਸਨ ਦੀ ਗੱਲ ਆਉਂਦੀ ਹੈ ਤਾਂ ਮਾਮਲਾ ਥੋੜ੍ਹਾ ਵਿਵਾਦਗ੍ਰਸਤ ਹੈ।

ਜੌਹਨਸਨ ਐਂਡ ਜੌਹਨਸਨ ਦੀ 300,000 ਡੋਜ਼ਾਂ ਦੀ ਪਹਿਲੀ ਖੇਪ ਦੀ ਵੰਡ ਉੱਤੇ ਅਜੇ ਵੀ ਰੋਕ ਜਾਰੀ ਹੈ। ਹੈਲਥ ਕੈਨੇਡਾ ਨੂੰ ਇਹ ਜਾਣਕਾਰੀ ਮਿਲਣ ਤੋਂ ਬਾਅਦ ਇਸ ਵੈਕਸੀਨ ਦੀ ਵੰਡ ਉੱਤੇ ਰੋਕ ਲਾ ਦਿੱਤੀ ਗਈ ਸੀ ਕਿ ਇਸ ਬੈਚ ਦੇ ਕੁੱਝ ਹਿੱਸੇ ਮੈਰੀਲੈਂਡ ਫੈਸਿਲਿਟੀ ਵਿੱਚ ਤਿਆਰ ਕੀਤੇ ਗਏ ਹਨ, ਜਿੱਥੇ ਕੁਆਲਿਟੀ ਕੰਟਰੋਲ ਦੀ ਸਮੱਸਿਆ ਹੈ।

ਐਸਟ੍ਰਾਜ਼ੈਨੇਕਾ ਦੀ ਥਾਂ ਉੱਤੇ ਐਮ ਆਰ ਐਨ ਏ ਵੈਕਸੀਨ ਦੀ ਦੂਜੀ ਡੋਜ਼ ਦਿੱਤੀ ਜਾ ਸਕਦੀ ਹੈ ਜਾਂ ਨਹੀਂ ਇਸ ਬਾਰੇ ਫੈਸਲਾ ਕਰਨ ਲਈ ਐਨ ਏ ਸੀ ਆਈ ਹੋਰ ਡਾਟਾ ਦੀ ਉਡੀਕ ਕਰ ਰਹੀ ਹੈ। ਪਿਛਲੇ ਹਫਤੇ ਜਾਰੀ ਕੀਤੇ ਗਏ ਇੱਕ ਸਪੈਨਿਸ਼ ਅਧਿਐਨ ਵਿੱਚ ਪਾਇਆ ਗਿਆ ਸੀ ਕਿ ਐਸਟ੍ਰਾਜ਼ੈਨੇਕਾ ਦੀ ਥਾਂ ਉੱਤੇ ਦੂਜੀ ਡੋਜ਼ ਫਾਈਜ਼ਰ ਦੀ ਦੇਣ ਨਾਲ ਚੰਗੇ ਨਤੀਜੇ ਮਿਲਦੇ ਹਨ। ਪਰ ਇਸ ਸਬੰਧ ਵਿੱਚ ਅਜੇ ਹੋਰ ਜਾਣਕਾਰੀ ਦੀ ਦਰਕਾਰ ਹੈ।

# ਫੈਡਰਲ ਸਰਕਾਰ ਨੇ ਭਾਰਤ ਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਫਲਾਈਟਸ ਉੱਤੇ ਪਾਬੰਦੀ 21 ਜੂਨ ਤੱਕ ਵਧਾਈ

ਓਟਵਾ, 27 ਮਈ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਭਾਰਤ ਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਉਡਾਨਾਂ ਉੱਤੇ ਲੱਗੀ ਪਾਬੰਦੀ ਨੂੰ 21 ਜੂਨ ਤੱਕ ਵਧਾ ਦਿੱਤਾ ਗਿਆ ਹੈ। ਇਹ ਫੈਸਲਾ ਅਹਿਤਿਆਤਨ ਲਿਆ ਗਿਆ ਹੈ ਕਿਉਂਕਿ ਇਨ੍ਹਾਂ ਦੇਸ਼ਾਂ ਵਿੱਚ ਕੋਵਿਡ-19 ਵੇਰੀਐਂਟਸ ਵਿੱਚ ਵਾਧਾ ਰੁਕਣ ਦਾ ਨਾਂ ਹੀ ਨਹੀਂ ਲੈ ਰਿਹਾ।

ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਨੇ ਸ਼ੁੱਕਰਵਾਰ ਨੂੰ ਇਹ ਐਲਾਨ ਕੀਤਾ। ਦੱਸਿਆ ਗਿਆ ਕਿ ਇਨ੍ਹਾਂ ਦੋਵਾਂ ਦੇਸ਼ਾਂ ਤੋਂ ਆਉਣ ਵਾਲੇ ਟਰੈਵਲਰਜ਼, ਜਿਹੜੇ ਨੈਗੇਟਿਵ ਪੀ ਸੀ ਆਰ ਟੈਸਟ ਵਿਖਾਉਣ ਲਈ ਅਸਿੱਧਾ ਰੂਟ ਲੈਂਦੇ ਹਨ, ਲਈ ਹੋਰ ਮਾਪਦੰਡ ਵੀ ਬਣਾਏ ਗਏ ਹਨ। 30 ਦਿਨ ਦੀ ਪਾਬੰਦੀ ਸੱਭ ਤੋਂ ਪਹਿਲਾਂ 22 ਅਪਰੈਲ ਨੂੰ ਲਾਈ ਗਈ ਸੀ। ਅਲਘਬਰਾ ਨੇ ਆਖਿਆ ਕਿ ਸਰਹੱਦੀ ਪਾਬੰਦੀਆਂ ਵਿੱਚ ਢਿੱਲ ਦੇਣ ਜਾਂ ਇਨ੍ਹਾਂ ਨੂੰ ਹਟਾਉਣ ਦਾ ਇਹ ਸਹੀ ਸਮਾਂ ਨਹੀਂ ਹੈ।

ਉਨ੍ਹਾਂ ਆਖਿਆ ਕਿ ਪਿਛਲੇ ਮਹੀਨੇ ਅਸੀਂ ਇਹ ਫੈਸਲਾ ਡਾਟਾ ਨੂੰ ਵੇਖਦਿਆਂ ਹੋਇਆਂ ਲਿਆ ਸੀ। ਇਨ੍ਹਾਂ ਦੋਵਾਂ ਦੇਸ਼ਾਂ ਤੋਂ ਆਉਣ ਵਾਲੇ ਟਰੈਵਲਰਜ਼ ਵਿੱਚ ਇਨਫੈਕਸ਼ਨ ਕਾਫੀ ਜ਼ਿਆਦਾ ਪਾਈ ਜਾ ਰਹੀ ਸੀ। ਇਸ ਲਈ ਪਬਲਿਕ ਹੈਲਥ ਦੀ ਸਲਾਹ ਉੱਤੇ ਹੀ ਇਹ ਪਾਬੰਦੀ ਲਾਉਣ ਦਾ ਫੈਸਲਾ ਲਿਆ ਗਿਆ ਸੀ ਤੇ ਹੁਣ ਵੀ ਇਸ ਅਧਾਰ ਉੱਤੇ ਹੀ ਇਹ ਫੈਸਲਾ ਲਿਆ ਗਿਆ ਹੈ ਤੇ ਅਜੇ ਪਾਬੰਦੀਆਂ ਵਿੱਚ ਢਿੱਲ ਦੇਣ ਦਾ ਕੋਈ ਇਰਾਦਾ ਵੀ ਨਹੀਂ ਹੈ। ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਕੈਨੇਡਾ ਦੀਆਂ ਸਰਹੱਦਾਂ ਰਾਹੀਂ ਦਾਖਲ ਹੋਏ ਕੋਵਿਡ-19 ਦੇ ਚਾਰ ਵੇਰੀਐਂਟਸ ਆਫ ਕਨਸਰਨ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ ਵਿੱਚ ਯੂ ਕੇ ਵਿੱਚ ਪੈਦਾ ਹੋਇਆ ਵੇਰੀਐਂਟ ਬੀ·1·1·7, ਬ੍ਰਾਜ਼ੀਲ ਤੋਂ ਸ਼ੁਰੂ ਹੋਇਆ ਪੀ·1 ਵੇਰੀਐਂਟ, ਸਾਊਥ ਅਫਰੀਕਾ ਵਿੱਚ ਸੱਭ ਤੋਂ ਪਹਿਲਾਂ ਪਾਇਆ ਗਿਆ ਬੀ·1·351 ਤੇ ਭਾਰਤ ਤੋਂ ਸ਼ੁਰੂ ਹੋਇਆ ਬੀ·1·617 ਸ਼ਾਮਲ ਹਨ। ਡਿਪਟੀ ਚੀਫ ਪਬਲਿਕ ਹੈਲਥ ਆਫੀਸਰ ਡਾ· ਹੌਵਰਡ ਨੂ ਨੇ ਆਖਿਆ ਕਿ ਜਿਸ ਹਿਸਾਬ ਨਾਲ ਕੈਨੇਡਾ ਵਿੱਚ ਵੇਰੀਐਂਟਸ ਫੈਲਣ ਦਾ ਸਿਲਸਿਲਾ ਰਿਹਾ ਹੈ ਉਸ ਨੂੰ ਵੇਖਦਿਆਂ ਹੋਇਆਂ ਬਾਰਡਰਜ਼ ਉੱਤੇ ਸਖ਼ਤੀ ਕੀਤੀ ਜਾਣੀ ਬੇਹੱਦ ਜ਼ਰੂਰੀ ਹੈ।


Century 21

President Realty Inc
Brokerage*
Independently Owned and Operated.

Jagdish Grewal
Sales Repersentative

Call Now: (416)-970-5005

Email: Jagdish@grewalhomes.com

ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ






Main & Vodden

2+1 ਬੈੱਡਰੂਮ ਬੰਗਲੋ 40x125 Sqft ਗੋ ਟਰਾਂਸਿਟ ਅਤੇ ਸਕੂਲ ਵਾਕਿੰਗ ਡਿਸਟੈਂਸ ਤੇ,ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ !
ਕੀਮਤ $599,900




Bramalea And Avondale

3 + 1 ਬੈੱਡਰੂਮ ਘਰ ਦੇ ਵਿਚਕਾਰ ਬਿਲਟ ਇਨ ਫੈਮਿਲੀ ਸਾਈਜ ਕਿਚਨ ਅਪਗ੍ਰੇਡ ਤੇ ਹਜਾਰਾਂ ਡਾਲਰ ਖਰਚ ਕੀਤੇ ਹੋਏ ,ਸਕੂਲ , ਸ਼ੋਪਿੰਗ ਮਾਲ ਅਤੇ ਬੱਸ ਸਰਵਿਸ ਦੇ ਨੇੜੇ !
ਕੀਮਤ $ 859,900




Hwy 10/ Col Phillip

4+1 ਬੈੱਡਰੂਮ,2800 sqft. ਡਬਲ ਡੋਰ ਐਂਟਰੀ ,ਵੱਖਰੇ ਲਿਵਿੰਗ ਰੂਮ & ਫੈਮਿਲੀ ਰੂਮ ,ਮੀਡਿਆ ਰੂਮ, ਅਪਗ੍ਰੇਡ ਲਾਈਟ ਫਿਕਸਚਰ !
ਕੀਮਤ $ 899,000




Mavis & Derry

3 +2 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ, ਸਕੂਲ , ਸ਼ੋਪਿੰਗ ਮਾਲ ਅਤੇ ਬੱਸ ਸਰਵਿਸ ਦੇ ਨੇੜੇ !
ਕੀਮਤ $ 980,000




Wanless Dr/ Van Kirk Dr

4+ 2 ਬੈੱਡਰੂਮ detached ਘਰ, 3500 sqft.,ਵਾਕਆਊਟ ਬੇਸਮੈਂਟ,ਸੈਪਰੇਟ ਲਿਵਿੰਗ ਰੂਮ ,ਫੋਰਮਲ ਡਾਈਨਿੰਗ ਰੂਮ, ਫੈਮਿਲੀ ਰੂਮ,ਅਤੇ ਫਾਇਰਪ੍ਲੇਸ, ਗਰੇਨਾਇਟ ਕਾਉਂਟਰ,ਨਵਾਂ ਰੰਗ ਕੀਤਾ ਹੋਇਆ,
ਕੀਮਤ $ 1,299,900.

Buying / Selling / Investing In Real Estate

Free Market Evaluation

For More Listings Contact Now !!


(416) 970-5005

www.vipcondonetwork.com

80 Maritime Ontario Blvd #246 Brampton , ON, L6S 0E7 Call:905-488-2100 Fax: 905-488-2102



Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044







ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777
416.802.5866

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




COTTRELLE/HWY50

ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈੱਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈੱਡਰੂਮ ਦੀ ਫਿਨਿਸ਼ਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਨ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ





SANDALWOOD/BRAMALEA

ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੁਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



## ਤੁਹਾਡੀ ਵਾਰੀ
## ਛੇਤੀ ਹੀ ਆਉਣ ਵਾਲੀ ਹੈ।





### ਓਨਟਾਰੀਓ ਦੀ ਕੋਵਿਡ-19 ਵੈਕਸੀਨ ਪਲੈਨ ਵਾਇਰਸ ਦੇ ਫੈਲਣ ਨੂੰ ਰੋਕਣ ਅਤੇ ਜ਼ਿੰਦਗੀਆਂ ਬਚਾਉਣ ਵਿੱਚ ਮਦਦ ਕਰ ਰਹੀ ਹੈ।

### ਸਾਰੇ ਓਨਟਾਰੀਓ ਵਿੱਚ ਹਰ ਰੋਜ਼ ਹਜ਼ਾਰਾਂ ਲੋਕਾਂ ਦੇ ਵੈਕਸੀਨ ਲਾਏ ਜਾ ਰਹੇ ਹਨ।

ਵੈਕਸੀਨ ਲੱਗਣੇ ਜਾਰੀ ਹਨ, ਇਸ ਦੇ ਨਾਲ ਹੀ ਸਾਨੂੰ ਮਾਸਕ ਪਾਉਣ, ਆਪਣੇ ਹੱਥ ਧੋਣ ਅਤੇ ਦੂਜਿਆਂ ਤੋਂ ਦੂਰੀ ਬਣਾ ਕੇ ਰੱਖਣ ਨੂੰ ਜਾਰੀ ਰੱਖਣ ਦੀ ਲੋੜ ਹੈ।

**ontario.ca/covidvaccineplan** 'ਤੇ ਹੋਰ ਜਾਣੋ ਜਾਂ 300 ਬੋਲੀਆਂ ਵਿੱਚ ਸਹਾਇਤਾ ਲਈ
1-888-999-6488 'ਤੇ ਕਾਲ ਕਰੋ।

ਇਸ ਦੀ ਅਦਾਇਗੀ ਓਨਟਾਰੀਓ ਸਰਕਾਰ ਵਲੋਂ ਕੀਤੀ ਗਈ ਹੈ।

**Ontario**

# ਅਸੀਂ ਸਾਰੇ ਮਦਦ ਕਰ ਸਕਦੇ ਹਾਂ

ਪਰਿਵਾਰਾਂ ਨੂੰ ਮੁੜ ਇਕੱਠਿਆਂ ਕਰਨ ਵਿੱਚ।

**ਵੈਕਸੀਨ ਲਗਵਾਓ।**

Canada.ca/covid-vaccine
1-833-784-4397

Government of Canada | Gouvernement du Canada

Canada